# ਅੰਮ੍ਰਿਤ ਕੀਰਤਨ

ਅਪ੍ਰੈਲ 2012



ਰੇ ਮਨ ਐਸੋ ਕਰ ਸੰਨਿਆਸਾ॥

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ਰਹਾਉ॥

ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥

ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ (ਰਾਮਕਲੀ ਪਾਤਸ਼ਾਹੀ ੧੦)


**ਆਨਰੇਰੀ ਸੰਪਾਦਕ**

**ਡਾ. ਜਾਗੀਰ ਸਿੰਘ**


ਮੁੱਲ 15/-

## ਖ਼ੁਦੀ, ਦਵੈਤ, ਹੰਕਾਰ ਨੇ ਮਾਰ ਸੁਟਿਆ



ਸਾਡੀ ਰਹਿਣੀ ਇੱਕੋ, ਸਾਡੀ ਬਹਿਣੀ ਇੱਕੋ,
ਇਕੋ ਵਕਤ ਹੈ ਜਾਗਣਾ ਸੌਣ ਇੱਕੋ

ਇਕੋ ਤਰ੍ਹਾਂ ਦੇ ਹਨ ਸਬੰਧ ਸਾਡੇ,
ਫੇਰ ਦੇਖ ਲਉ ਪੀਣ ਤੇ ਖਾਣ ਇੱਕੋ।

ਆਂਦੇ ਬੰਦਿਆਂ ਨੂੰ ਦੇਖ ਖੁਸ਼ ਹੋਣਾਂ,
ਜਾਂਦੀ ਵਾਰ ਸਭਨਾ ਦਾ ਹੈ ਰੋਣ ਇੱਕੋ।

ਰੱਬ ਬੰਦਗੀ ਨੂੰ ਸਭ ਚਾਹਵੰਦੇ ਨੇ,
ਗ਼ੁਸਲ ਕਰਨ, ਇਸ਼ਨਾਨ ਤੇ ਨ੍ਹਾਉਣ ਇੱਕੋ।

ਪਤਾ ਨਹੀਂ ਇਹ ਕਿੱਥੋਂ ਦਵੈਤ ਆ ਗਈ,
ਪਾੜ ਪਾੜ ਕੀਤੈ ਅੱਡੋ ਅੱਡ ਸਾਨੂੰ।

ਖ਼ੁਦੀ, ਦਵੈਤ ਹੰਕਾਰ ਨੇ ਮਾਰ ਸੁੱਟਿਆ,
ਸ਼ੁਭ ਕਰਮ ਨੇ ਦੂਰ ਗਏ ਛੱਡ ਸਾਨੂੰ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ**

**ਸਹਿਯੋਗੀ**
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

| | |
|---|---|
| ਮ੍ਰਿਤ ਅਸਾਡੜੇ ਸੇਈ | 4 |
| ਕਰਉ ਬੇਨੰਤੀਆ | 5 |
| ਇਕ ਅਨੋਖਾ ਰਹਿਤਨਾਮਾ<br>ਡਾ. ਜਾਗੀਰ ਸਿੰਘ | 6 |
| ਸੋਭਾ ਸਿੰਘ ਦੇ ਗੁਰੂ ਨਾਨਕ<br>ਜਗਤਾਰਜੀਤ ਸਿੰਘ | 13 |
| ਰਾਮ ਕਵੱਚ:<br>ਰਾਮ ਕਵੱਚ ਦਾਸ ਕਾ ਸੰਨਾਹੁ<br>ਕਰਮ ਸਿੰਘ ਰਤਨ | 18 |
| ਸੁਰ ਲਿਪੀ | 25 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 26 |

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

## ਕੁਝ ਪੁਰਾਣੇ ਪੱਤਰ ਜੋ ਹਮੇਸ਼ਾ ਸਾਡੇ ਪ੍ਰੇਰਨਾ ਸਰੋਤ ਹਨ:

ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਤੇ ਮਾਸਕ ਪੱਤਰ ਜਾਰੀ ਕਰਨ ਲਈ ਮੁਬਾਰਕਵਾਦ ਭੇਜਦਾ ਹਾਂ। ਅਕਾਲ ਪੁਰਖ ਇਸ ਉੱਦਮ ਨੂੰ ਸਫਤਲਾ ਬਖਸ਼ੇ।

ਪ੍ਰਵੇਸ਼ ਅੰਕ ਦੀ ਇਕ ਕਾਪੀ ਪ੍ਰਾਪਤ ਹੋਈ ਹੈ। ਬਹੁਤ ਧੰਨਵਾਦ। ਪਰਚੇ ਦੇ ਉਦੇਸ਼ਾਂ ਵਿਚ ਬਹੁਤ ਕੁਝ ਸ਼ਾਮਲ ਕੀਤਾ ਹੈ। ਇਹ ਇਸ ਦੇ ਭਵਿੱਖ ਦੀ ਸਾਖੀ ਹੈ। ਸਮੱਗਰੀ ਚੰਗੀ ਹੋਵੇਗੀ ਤਾਂ ਸਫਲਤਾ ਯਕੀਨੀ ਹੈ। ਸਭ ਤੋਂ ਉਤਸ਼ਾਹਜਨਕ ਪੱਖ ਇਸ ਟਰੱਸਟ ਦੇ ਚਲਾਣ ਵਾਲੇ ਪ੍ਰੇਮੀਆਂ ਤੇ ਤੁਹਾਡੀ ਸਵਾਰਥ ਰਹਿਤ ਸੇਵਾ ਭਾਵਨਾ ਹੈ। ਇਸ ਨੂੰ ਨਿਮਰਤਾ ਤੇ ਸਖਤ ਮਿਹਨਤ ਨਾਲ ਨਿਭਾਉ।

ਗੁਰਬਾਣੀ ਕੀਰਤਨ ਉੱਪਰ ਸਿੱਖ ਪੰਥ ਦੀਆਂ ਨੀਹਾਂ ਕਾਇਮ ਹਨ। ਇਹ ਸਾਡਾ ਨਵੇਕਲਾ ਤੇ ਅਤਿ ਪ੍ਰਭਾਵਸ਼ਾਲੀ ਵਿਰਸਾ ਹੈ। ਸਿੱਖ ਧਰਮ ਦਾ ਮੁੱਢਲਾ ਪ੍ਰਚਾਰ ਕੀਰਤਨ ਰਾਹੀਂ ਹੋਇਆ। ਇਸ ਨੂੰ ਪੈਸੇ ਦੀ ਖਿੱਚ ਤੋਂ ਬਚਾਅ ਕੇ ਰੱਖਣ ਤੇ ਇਸ ਦੀ ਪਰੰਪਰਾ ਤੇ ਪੱਧਰ ਨੂੰ ਕਾਇਮ ਰੱਖਣ ਲਈ ਸੁਚੇਤ ਹੋਣਾ ਹੈ। ਨਾਮਧਾਰੀ ਸੰਸਥਾ ਇਸ ਸੰਬੰਧੀ ਚੌਕਸ ਹੈ। ਪ੍ਰੰਤੂ ਸ਼੍ਰੋ: ਗੁ: ਪ੍ਰ: ਕਮੇਟੀ ਇਸ ਅਧੀਨ 65-70 ਰਾਗੀ ਜੱਥੇ ਸੇਵਾ ਕਰ ਰਹੇ ਹਨ ਹਾਲਾਂ ਤੱਕ ਇਕ ਉੱਚ ਪੱਧਰੀ ਸੰਗੀਤ ਕਾਲਜ ਸਥਾਪਤ ਨਹੀਂ ਕਰ ਸਕੀ। ਪੰਜਾਬ ਦੇ ਸੰਗੀਤਕ ਵਿਰਸੇ ਵਿਚ ਵਿਸ਼ੇਸ਼ ਸਥਾਨ ਗੁਰਮਤਿ ਸੰਗੀਤ ਦਾ ਹੈ। ਪ੍ਰੰਤੂ ਯੂਨੀਵਰਸਿਟੀਆਂ ਵਿਚ ਕੱਲ ਤੱਕ ਇਸ ਦਾ ਨਾਮ ਹੀ ਨਹੀਂ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹਾਲਾਂ ਤੱਕ ਗੁਰਮਤਿ ਸੰਗੀਤ ਦਾ ਵਿਭਾਗ ਨਹੀਂ ਹੈ। ਕੀਰਤਨ 'ਚੋਂ ਤੰਤੀ ਸਾਜਾਂ ਦਾ ਅਭਾਵ ਇਸ ਦੇ ਪੱਧਰ ਨੂੰ ਡੇਗ ਰਿਹਾ ਹੈ।

ਪੰਥ ਦੇ ਪੰਦਰਾਂ ਹਜ਼ਾਰ ਤੋਂ ਵੱਧ ਗੁਰਦੁਆਰਿਆਂ ਵਿਚ ਇਕ ਹਜ਼ਾਰ ਤੋਂ ਵੱਧ ਛੋਟੇ-ਵੱਡੇ ਕੀਰਤਨੀ ਜੱਥੇ ਹੋਣਗੇ। ਇਹਨਾਂ ਦਾ ਬੁਨਿਆਦੀ ਪੱਧਰ ਬਨਾਉਣ ਲਈ ਕੋਈ ਸੰਸਥਾ ਨਹੀਂ। ਚੀਫ ਖਾਲਸਾ ਦੀਵਾਨ ਦੇ ਯਤੀਮਖਾਨਾ ਦੇ ਸੰਗੀਤ ਵਿਦਿਆਲਾ ਨੇ ਪਹਿਲੇ ਸਮੇਂ ਵਿਚ ਬੜੇ ਉੱਚ ਪੱਧਰ ਦੇ ਰਾਗੀ ਪੈਦਾ ਕੀਤੇ ਹਨ। ਵਰਤਮਾਨ ਬਾਰੇ ਕੋਈ ਬਹੁਤਾ ਨਹੀਂ ਕਹਿ ਸਕਦਾ।

ਤੁਹਾਡੀ ਵਿਸ਼ੇ ਸੂਚੀ ਤੇ ਤਰਤੀਬ ਸ਼ਲਾਘਾਯੋਗ ਹੈ। ਸਾਈਜ਼ ਸੋਹਣਾ ਹੈ ਪ੍ਰੰਤੂ ਇਸ ਨੂੰ ਬਹੁ-ਭਾਸ਼ੀ ਕਿਉਂ ਬਣਾਇਆ? ਅੰਗਰੇਜ਼ੀ ਆਰਟੀਕਲ ਵਿਦਵਤਾ ਤੇ ਖੋਜ ਦੀ ਝਲਕ ਦਿੰਦਾ ਹੈ।

ਰਾਗੀਆਂ ਬਾਰੇ ਤੁਸੀਂ ਵਿਸਥਾਰ ਪੂਰਵਕ ਜਾਣਕਾਰੀ ਮੰਗੀ ਹੈ। ਆਪ ਕੇਵਲ ਉਹਨਾਂ ਪ੍ਰਸਿੱਧ ਗੁਰਮੁਖ ਰਾਗੀਆਂ ਨੂੰ ਪਾਠਕਾਂ ਦੇ ਪੇਸ਼ ਕਰੋ ਜਿਹਨਾਂ ਪਾਸ ਉੱਚ ਪੱਧਰੀ ਸੰਗੀਤਕ ਯੋਗਤਾ ਤੇ ਭਰਪੂਰ ਗੁਰਸਿੱਖੀ ਜੀਵਨ ਹੈ। ਇਸ ਪ੍ਰਾਪਤ ਹੋਈ ਜਾਣਕਾਰੀ ਨੂੰ ਰਾਗੀਆਂ ਦੀ ਡਾਇਰੈਕਟਰੀ ਬਨਾਉਣ ਲਈ ਵਰਤੋ। ਟਾਈਟਲ ਦੇ ਦੂਜੇ ਪਾਸੇ ਛਪਿਆ ਲੇਖ ਉਥੇ ਨਹੀਂ ਸੀ ਚਾਹੀਦਾ। ਟ੍ਰਸਟ ਦੀ ਸਹਾਇਤਾ ਦਾ ਯਤਨ ਕਰਾਂਗਾ।

ਜੋਧ ਸਿੰਘ ਜਲੰਧਰ

ਰਸਾਲੇ ਦੀ ਦਿੱਖ, ਵਿਸ਼ਾ, ਵਸਤੂ ਛਾਪਈ ਆਦਿ ਸਲਾਹੁਣਯੋਗ ਹਨ। ਪਰੰਤੂ ਸਭ ਤੋਂ ਸ਼ਲਾਘਾ ਦੇ ਪਾਤਰ ਤੁਸੀਂ ਆਪ ਹੋ ਜਿਹਨਾਂ ਨੂੰ ਅਜਿਹੀ ਪੱਤ੍ਰਿਕਾ ਕੱਢਣ ਦੀ ਵਿਚਾਰ ਫੁਰੀ ਤੇ ਇਸ ਨੂੰ ਉਤਸ਼ਾਹ ਪੂਰਵਕ ਇਤਨੇ ਸੁਚਾਰੂ ਢੰਗ ਨਾਲ ਪ੍ਰਫੁਲਿਤ ਕਰਕੇ ਜਿਹਨਾਂ ਨੇ ਸਿੱਖ ਕੀਰਤਨ ਸ਼ੈਲੀ ਨੂੰ ਉਘਾੜਨ, ਪਰਸਾਰਨ ਤੇ ਉਭਾਰਨ ਦਾ ਬੀੜਾ ਚੁੱਕਿਆ ਹੈ। ਵਾਹਿਗੁਰੂ ਪੂਰਨਤਾ ਬਖਸ਼ੇ।

ਕੋਈ 15 ਕੁ ਸਾਲ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤਦੋਂ ਦੇ ਵਾਈਸ ਚਾਂਸਲਰ ਸਾਹਿਬ ਨੂੰ ਮੈਂ ਅਜਿਹਾ ਸੁਝਾਉ ਦਿੱਤਾ ਸੀ, ਪਰ ਉਹਨਾਂ ਨੇ ਸ਼ਾਇਦ ਇਸ ਨੂੰ ਇਕ ਸੰਪ੍ਰਦਾਇਕ ਯੋਜਨਾ ਖਿਆਲ ਕਰਕੇ ਆਪ ਦਰ ਗੁਜ਼ਰ ਕਰ ਦਿੱਤਾ। ਉਸ ਘਾਟ ਨੂੰ ਪੂਰਾ ਕਰਨ ਦਾ ਸਿਹਰਾ ਆਪ ਨੂੰ ਪ੍ਰਦਾਨ ਹੋਇਆ ਹੈ।

ਮੈਂ ਆਪਣੇ ਆਪ ਨੂੰ ਵਡਭਾਗੀ ਸਮਝਦਾ ਹਾਂ ਕਿ ਮੈਂ ਆਪਣੀ ਛੋਟੀ ਉਮਰ ਵਿਚ ਹੀ ਦੋ ਐਸੇ ਮਹਾਂ ਪੁਰਖਾਂ ਦੇ ਦਰਸ਼ਨ ਕੀਤੇ ਅਤੇ ਉਹਨਾਂ ਦੀ ਸੰਗਤ ਵਿਚ ਕੁਝ ਸਮਾਂ ਬਿਤਾਇਆ ਹੈ ਜਿਹਨਾਂ ਦੇ ਰਸੀਲੇ ਨੈਣਾਂ, ਤੇਜਸਵੀ ਚਿਹਰਿਆਂ ਅਤੇ ਜਾਦੂ ਭਰਪੂਰ ਕੀਰਤਨ ਤੇ ਵਿਆਖਿਆ ਨੇ ਅੱਜ ਤੱਕ ਮੇਰੇ ਮਨ ਤੇ ਸਦੀਵੀ ਪ੍ਰਭਾਵ ਅੰਕਤ ਕੀਤਾ ਹੋਇਆ ਹੈ। ਉਹ ਹਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਤੇ ਭਾਈ ਸਾਹਿਬ ਰਾਗੀ ਹੀਰਾ ਸਿੰਘ ਜੀ। ਮੇਰੇ ਜਨਮ ਵਾਲੇ ਸ਼ਹਿਰ ਗੁਜਰਾਵਾਲੇ ਨਾਲ ਉਹਨਾਂ ਦੋਵਾਂ ਦਾ ਖਾਸ ਪ੍ਰੇਮ ਸੀ। 1923 ਵਿਚ ਮੇਰੇ ਵੱਡੇ ਵੀਰ ਦੇ ਅਨੰਦ ਕਾਰਜ ਸਮੇਂ ਭਾਈ ਸਾਹਿਬ ਦੀ ਵਿਆਖਿਆ ਨੇ ਮੇਰੇ ਨੈਣਾਂ ਵਿਚ ਝੜੀ ਲੈ ਆਉਂਦੀ ਸੀ।

ਇੰਦਰ ਸਿੰਘ, ਪ੍ਰਿੰਸੀਪਲ (ਰਿਟ.), ਚੰਡੀਗੜ੍ਹ।

ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ ਦਾ ਕਾਰਜ ਉਤਸ਼ਾਹ, ਪ੍ਰੇਮ, ਦੀਰਘ-ਦ੍ਰਿਸ਼ਟੀ ਤੇ ਸੰਗਠਿਤ ਰੂਪ ਵਿਚ ਅਰੰਭਨ ਲਈ ਵਧਾਈਆਂ। ਭਾਈ ਹੀਰਾ ਸਿੰਘ ਵਿਸ਼ੇਸ਼ ਅੰਕ ਸੰਭਾਲਣਯੋਗ ਹੈ। ਜਿਸ ਤਰ੍ਹਾਂ ਅੰਮ੍ਰਿਤ ਕੀਰਤਨ ਦੀ ਪੋਥੀ ਦੀ ਪ੍ਰਕਾਸ਼ਨਾ ਨਾਲ ਹਜ਼ਾਰਾਂ ਲੱਖਾਂ ਗੁਰਬਾਣੀ ਪ੍ਰੇਮੀਆਂ ਨੂੰ ਗੁਰਬਾਣੀ ਗਾਇਣ ਕਰਨ ਹਿੱਤ ਇਕ ਆਸਰਾ ਮਿਲ ਜਾਂਦਾ ਸੀ, ਠੀਕ ਉਸੇ ਤਰ੍ਹਾਂ ਗੁਰਬਾਣੀ ਕੀਰਤਨ ਨੂੰ ਧਾਰਨ ਅਤੇ ਪ੍ਰਚਾਰਨ ਹਿੱਤ ਮਾਸਿਕ ਪੱਤਰ ਅੰਮ੍ਰਿਤ ਕੀਰਤਨ ਇਕ ਇਤਿਹਾਸਕ ਭੂਮਿਕਾ ਨਿਭਾਹੇਗਾ। ਦਾਸ ਦੀ ਅਜਿਹੀ ਚਾਹਨਾ ਤੇ ਦੁਆ ਹੈ। ਪੱਤਰ ਦੀ ਪ੍ਰਕਾਸ਼ਨਾ ਵਿਚ ਪੈਸੇ ਤੇ ਪ੍ਰਬੰਧ ਦੋ ਹੀ ਮੁੱਖ ਹੁੰਦੀਆਂ ਹਨ, ਤੀਜਾ ਤੱਤ ਲੋਕ ਆਧਾਰ ਹੁੰਦਾ ਹੈ ਜਿਸ ਦੇ ਆਸਰੇ ਪ੍ਰਕਾਸ਼ਨਾ ਨੇ ਸਫਲ ਹੋਣਾ ਹੁੰਦਾ ਹੈ। ਮੈਨੂੰ ਇਹ ਤਿੰਨੋ ਹੀ ਤੱਤ ਪੂਰਨ ਤੇ ਏਥੇ ਸੰਜੁਗਤ ਲਗਦੇ ਹਨ।

ਹਰ ਸਿੰਘ ਸਭਾ ਵੱਲੋਂ ਆਪਣੇ ਨੋਟਿਸ ਬੋਰਡ ਤੇ ਏਸ ਪਰਚੇ ਨੂੰ ਘਰ ਘਰ ਲੁਆਉਣ ਲਈ ਸੂਚਨਾ ਦੇਣ ਦੀ ਲੋੜ ਹੈ। ਬਲਵਿੰਦਰ ਪਾਲ ਸਿੰਘ ਪ੍ਰੋ:, ਲੁਧਿਆਣਾ

## ਕਰਉ ਬੇਨੰਤੀਆ

# ਗੁਰਬਾਣੀ ਅਤੇ ਰਾਗਾਂ ਬਾਰੇ

ਅੱਜਕੱਲ੍ਹ ਗੁਰਬਾਣੀ ਅਤੇ ਸੰਗੀਤ ਦੇ ਸੰਬੰਧ ਸਾਰੇ ਕਿੰਤੂ ਪ੍ਰੰਤੂ ਕੀਤੇ ਜਾ ਰਹੇ ਹਨ। ਕੁਝ ਤਾਂ ਉਹਨਾਂ ਬਹੁਤ ਪ੍ਰਸਿੱਧ ਕੀਰਤਨੀਆਂ ਵੱਲੋਂ ਕਿਹੜੇ ਆਪਣੇ ਕੀਰਤਨ ਕਰਕੇ ਘਟ ਅਤੇ ਵਿਆਖਿਆ ਕਾਰਨ ਵੱਧ ਪ੍ਰਸਿੱਧ ਹੋਏ ਹਨ ਅਤੇ ਕੁਝ ਖੋਜੀ ਵਿਦਵਾਨ ਵੀ ਰਾਗ ਨੂੰ ਬੇਲੋੜਾ ਦਸ ਕੇ ਅੰਦਰੂਨੀ ਰਾਗ ਜਾਂ ਸੰਗੀਤ ਦੀ ਗੱਲ ਕਰਦੇ ਹੋਏ ਕੀਰਤਨੀਆਂ ਨੂੰ ਨਕਾਰਦੇ ਹਨ। ਪਰ ਰਾਗ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

- ਗੁਰੂ ਗ੍ਰੰਥ ਸਾਹਿਬ ਦੀ ਲਗਭਗ ਸਾਰੀ ਬਾਣੀ ਰਾਗਾਂ ਵਿਚ ਦਰਜ ਹੈ।
- ਵਿਸ਼ੇਸ਼ ਰਾਗ ਦੀ ਹਰ ਰਚਨਾ ਉੱਤੇ ਰਾਗ ਦਾ ਨਾਮ ਦਿੱਤਾ ਹੋਇਆ ਹੈ।
- ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਬਾਣੀਆਂ ਉੱਪਰ ਗਾਉਣ ਸਾਰੇ ਸਪਸ਼ਟ ਸੰਕੇਤ ਦਿੱਤੇ ਹੋਏ ਹਨ, ਜਿਵੇਂ ਪਹਿਰਿਆਂ ਕੇ ਘਰ ਗਾਵਣਾ, ਟੁੰਡੇ ਅਸਰਜੇ ਕੀ ਧੁਨੀ ਆਦਿ।

  ਜੇ ਰਾਗ ਬਾਰੇ ਸ਼ੰਕਾ ਕਰਨ ਵਾਲਿਆਂ ਦੀ ਗੱਲ ਮੰਨ ਲਈਏ ਤਾਂ ਗੁਰੂ ਸਾਹਿਬ ਦੇ ਦਿੱਤੇ ਇਹ ਹੁਕਮ ਨਿਰਾਰਥਕ ਹੋ ਜਾਂਦੇ ਹਨ।
- ਹਰਿਮੰਦਰ ਸਾਹਿਬ ਤੋਂ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਕਰਨ ਦੇ ਜਤਨ ਹੋਣੇ ਚਾਹੀਦੇ ਹਨ।
- ਸਾਧਾਰਨ ਸਰੋਤਾ ਕੀਰਤਨੀਆਂ ਨੂੰ ਰਾਗ ਵਿਚ ਸ਼ਬਦ ਸੁਣਾਉਣ ਲਈ ਬੇਨਤੀ ਕਰੇ ਤਾਂ ਸਾਰੇ ਕੀਰਤਨੀਏ ਇਸ ਪਾਸੇ ਵੱਲ ਰੁਚਿਤ ਹੋਣਗੇ।
- ਕੀਰਤਨ ਸਮੇਂ ਮਨ, ਤਨ, ਪਹਿਰਾਵਾ ਸੁੱਚਾ ਹੋਣਾ ਜ਼ਰੂਰੀ ਹੈ ਇਸ ਦੇ ਨਾਲ ਨਾਲ ਰਾਗ ਵੀ ਸੁੱਚਾ ਹੋਣਾ ਜ਼ਰੂਰੀ ਹੈ।
- ਜਿਹੜੇ ਕੀਰਤਨੀਏ ਨੇ ਸੁਰ ਨਹੀਂ ਸਾਧਿਆ ਉਹ ਮਨ ਵੀ ਨਹੀਂ ਸਾਧ ਸਕਦਾ।
- ਕੀਰਤਨ ਵਿਚ ਸ਼ਰਧਾ ਲਾਜ਼ਮੀ ਹੈ ਨਹੀਂ ਤਾਂ ਕੀਰਤਨ ਸਾਧਾਰਨ ਗਾਇਨ ਬਣ ਜਾਂਦਾ ਹੈ।

  ਤੁਹਾਡਾ ਕੀ ਵਿਚਾਰ ਹੈ? (ਅੰਮ੍ਰਿਤ ਕੀਰਤਨ, ਅਗਸਤ 1990 ਅੰਕ ਵਿਚੋਂ)

# ਇਕ ਅਨੋਖਾ ਰਹਿਤਨਾਮਾ

## ਡਾ. ਜਾਗੀਰ ਸਿੰਘ

'ਰਹਿਤਨਾਮਾ' ਸ਼ਬਦ ਸਿੱਖ ਸਾਹਿਤ ਦੀ ਇਕ ਖਾਸ ਵਿਧਾ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਦੀ ਰਚਨਾ ਆਮ ਤੌਰ 'ਤੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮੰਨੀ ਜਾਂਦੀ ਹੈ। ਬਹੁਤੇ ਰਹਿਤ-ਨਾਮਿਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸਮੇਂ-ਸਮੇਂ ਜੋ ਉਪਦੇਸ਼ ਦਿੱਤੇ ਉਹਨਾਂ ਦੇ ਆਧਾਰ 'ਤੇ ਹਜ਼ੂਰੀ ਸਿੱਖਾਂ ਨੇ ਰਹਿਤਨਾਮਿਆਂ ਦੀ ਰਚਨਾ ਕੀਤੀ। ਇਹਨਾਂ ਰਹਿਤਨਾਮਿਆਂ ਤੋਂ ਸਿੱਖਾਂ ਨੂੰ ਕੁਝ ਕੰਮ ਕਰਨ ਅਤੇ ਕੁਝ ਦੇ ਨਾ ਕਰਨ ਦਾ ਉਪਦੇਸ਼ ਮਿਲਦਾ ਹੈ। ਗੁਰਸਿੱਖ ਦੀ ਪਛਾਣ ਆਮ ਤੌਰ 'ਤੇ ਇਹਨਾਂ ਰਹਿਤਨਾਮਿਆਂ ਦੀ ਕਸਵੱਟੀ ਅਨੁਸਾਰ ਹੀ ਕੀਤੀ ਜਾਂਦੀ ਹੈ। ਸਮਾਂ ਬੀਤਣ ਨਾਲ ਇਹਨਾਂ ਰਹਿਤਨਾਮਿਆਂ ਦੀਆਂ ਕੁਝ ਗੱਲਾਂ ਓਪਰੀਆਂ ਜਾਪਣ ਲੱਗ ਪਈਆਂ ਹਨ। ਪਰ ਇਹ ਰਹਿਤਨਾਮੇ ਅਜੇ ਵੀ ਸਾਡੇ ਜੀਵਨ ਤੇ ਇਤਨੇ ਪ੍ਰਭਾਵਸ਼ਾਲੀ ਹਨ ਕਿ ਕਈ ਵਾਰ ਅਸੀਂ ਗੁਰਬਾਣੀ ਦੇ ਸਿਧਾਂਤਾਂ ਤੋਂ ਵੀ ਪਹਿਲਾਂ ਇਹਨਾਂ ਵੱਲ ਧਿਆਨ ਦਿੰਦੇ ਹਨ। ਚਾਹੀਦਾ ਦਾ ਇਹ ਹੈ ਇਹਨਾਂ ਰਹਿਤਨਾਮਿਆਂ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਗੁਰਬਾਣੀ ਅਨੁਸਾਰ ਕੀਤਾ ਜਾਵੇ ਪਰ ਅਸੀਂ ਆਮ ਤੌਰ 'ਤੇ ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਇਹਨਾਂ ਰਹਿਤਨਾਮਿਆਂ ਦੇ ਆਧਾਰ 'ਤੇ ਕਰਨ ਲੱਗ ਪੈਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਸਿੱਖ ਲਈ ਬੜੇ ਸਪੱਸ਼ਟ ਨਿਰਦੇਸ਼ ਦਿੱਤੇ ਹਨ। ਖਾਸ ਕਰਕੇ ਰਾਮਕਲੀ ਰਾਗ ਵਿਚ ਰਚਿਆ "ਰੇ ਮਨ ਐਸੋ ਕਰ ਸੰਨਿਆਸਾ" ਵਾਲਾ ਸ਼ਬਦ ਤਾਂ ਆਪਣੇ ਆਪ ਵਿਚ ਇਕ ਰਹਿਤਨਾਮਾ ਹੀ ਹੈ। ਇਸ ਪਰਿਪੇਖ ਤੋਂ ਇਸ ਸ਼ਬਦ ਦੇ ਅਰਥ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥ ੧ ॥ ਰਹਾਉ ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

ਰਾਗ ਰਾਮਕਲੀ ਜੋਗੀਆ ਦਾ ਮਨ ਭਾਉਂਦਾ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਧ-ਗੋਸਟਿ ਵੀ ਰਾਗ ਰਾਮਕਲੀ ਵਿਚ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸ ਬਾਰੇ ਸ਼ਬਦ ਦਾ ਉਚਾਰਨ ਰਾਮਕਲੀ ਵਿਚ ਉਚਿਤ ਸਮਝਿਆ ਹੈ। ਗੁਰੂ ਸਾਹਿਬ ਰਾਗ ਅਤੇ ਕਾਵਿ ਦੇ ਸੰਬੰਧ ਤੋਂ ਸੁਚੇਤ ਸਨ। ਇਸ ਗੱਲ ਦਾ ਪ੍ਰਮਾਣ ਇਸ ਰਾਗ ਵਿਚ ਰਚੇ ਇਕ ਹੋਰ ਸ਼ਬਦ ਤੋਂ ਵੀ ਮਿਲ ਜਾਂਦਾ ਹੈ। ਉਸ ਸ਼ਬਦ ਦੀ ਪਹਿਲੀ ਤੁਕ ਹੈ-'ਰੇ ਮਨ ਇਹ ਬਿਧਿ ਜੋਗ ਕਮਾਓ ॥ '

ਵਿਚਾਰ ਅਧੀਨ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ:

**ਰੇ ਮਨ ਐਸੋ ਕਰ ਸੰਨਿਆਸਾ ॥**

**ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥**

ਇਹ ਸਾਰਾ ਸ਼ਬਦ ਮਨ ਨੂੰ ਸੰਬੋਧਤ ਕੀਤਾ ਗਿਆ ਹੈ। ਕਾਵਿ ਸੰਸਾਰ ਵਿਚ ਇਹ ਵਿਧੀ ਆਮ ਪ੍ਰਚਲਤ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ 'ਮਨ ਰੇ' ਮਨ ਮੇਰੇ, ਮੇਰੇ ਮਨ ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ ਜੋ ਕਿਸੇ ਨੂੰ ਸਿੱਧਾ ਹੀ ਕੁਝ ਕਰਨ ਲਈ ਕਿਹਾ ਜਾਵੇ ਤਾਂ ਉਪਦੇਸ਼ ਪ੍ਰਤੀ ਚੰਗਾ ਪ੍ਰਭਾਵ ਨਹੀਂ ਰੱਖਦਾ ਸਗੋਂ ਉਹ ਸਮਝਦਾ ਹੈ ਕਿ

ਉਪਦੇਸ਼ਕ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਇਸ ਲਈ ਗੁਰੂ ਸਾਹਿਬ ਆਪਣੇ ਆਪ ਨੂੰ ਉਪਦੇਸ਼ ਦਿੰਦੇ ਹਨ। ਵਿੱਦਿਆ ਪ੍ਰਣਾਲੀਆਂ ਵਿਚ ਅੱਜ ਕੱਲ ਉਪਦੇਸ਼ਾਤਮਕ ਵਿਧੀ ਨੂੰ ਠੀਕ ਨਹੀਂ ਸਮਝਿਆ ਜਾਂਦਾ। ਜਿਹੜਾ ਅਧਿਆਪਕ ਸੰਬੰਧਤ ਸਿੱਖਿਆ ਲੈਣ-ਦੇਣ ਵਿਚ ਆਪ ਸ਼ਾਮਲ ਹੋ ਕੇ ਨਾਲ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ ਉਸ ਨੂੰ ਚੰਗੇਰਾ ਅਧਿਆਪਕ ਗਿਣਿਆ ਜਾਂਦਾ ਹੈ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਇਕ ਚੰਗੇਰੀ ਵਿਧੀ ਅਨੁਸਾਰ ਸਿੱਖਿਆ ਦੇਣ ਦਾ ਜਤਨ ਕਰ ਰਹੇ ਹਨ।

ਪਹਿਲੀ ਤੁਕ ਵਿਚ ਗੁਰੂ ਜੀ ਇਕ ਖਾਸ ਤਰ੍ਹਾਂ ਦਾ ਸੰਨਿਆਸ ਧਾਰਨ ਕਰਨ ਲਈ ਕਹਿ ਰਹੇ ਹਨ। ਸੰਨਿਆਸਾ ਸ਼ਬਦ ਨਾਲ 'ਐਸੋ' ਸ਼ਬਦ ਲੱਗਾ ਹੋਇਆ ਹੈ 'ਰੇ ਮਨ ਐਸੋ ਕਰ ਸੰਨਿਆਸਾ' ਜੋ ਉਸ ਨੂੰ ਆਮ ਸੰਨਿਆਸ ਨਾਲੋਂ ਵੱਖਰਾ ਕਰਦਾ ਹੈ। ਭਾਰਤੀ ਅਚਾਰੀਆ ਨੇ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਹਨ। ਪਹਿਲਾ ਬ੍ਰਹਮਚਰਜ, ਦੂਜਾ ਗ੍ਰਿਹਸਥ, ਤੀਜਾ ਬਾਨਪ੍ਰਸਤ, ਚੌਥਾ ਸੰਨਿਆਸ। ਆਦਰਸ਼ਕ ਸਮਾਜ ਲਈ ਇਹ ਵੰਡ ਚੰਗੀ ਸੀ। ਪਰ ਇਹ ਇਸੇ ਤਰ੍ਹਾਂ ਕਾਇਮ ਨਹੀਂ ਰਹੀ। ਕੁਝ ਲੋਕ ਤਾਂ ਪਹਿਲੀ ਉਮਰੇ ਹੀ ਸਮਾਜ ਦੇ ਝਮੇਲਿਆਂ ਤੋਂ ਇੰਨੇ ਤੰਗ ਆ ਜਾਂਦੇ ਸਨ ਕਿ ਸੰਨਿਅਸੀ ਬਣ ਕੇ ਰਹਿ ਜਾਂਦੇ ਸਨ। ਕੁਝ ਲੋਕ ਬੁੱਢੇ ਵਾਰੇ ਵੀ ਗ੍ਰਿਹਸਥ ਦੇ ਚੱਕਰਾਂ ਵਿਚ ਫਸੇ ਰਹਿੰਦੇ ਸਨ। ਗੁਰੂ ਸਾਹਿਬ ਇਸ ਸੰਨਿਆਸ ਨੂੰ ਨਕਾਰਦੇ ਹੋਏ ਆਪਣੇ ਖਾਸ ਸੰਨਿਆਸ ਦੀ ਗੱਲ ਕਰਦੇ ਹਨ। ਪਹਿਲੇ ਸੰਨਿਆਸੀ ਘਰ ਨੂੰ ਛੱਡ ਕੇ ਜੰਗਲਾਂ ਵਿਚ ਜਾਦੇ ਸਨ ਅਤੇ ਸੰਸਾਰ ਵੱਲੋਂ ਉਦਾਸੀਨ ਬਿਰਤੀ ਧਾਰਨ ਕਰਦੇ ਸਨ ਪਰ ਗੁਰੂ ਸਾਹਿਬ ਕਹਿੰਦੇ ਹਨ:

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਭਾਵ ਆਪਣੇ ਮਨ ਵਿਚ ਇਸ ਸੰਸਾਰ ਤੋਂ ਉਦਾਸੀ ਜਾਂ ਵਿਰਕਤਤਾ ਧਾਰਨ ਕਰਕੇ ਸਦਨ ਭਾਵ ਘਰ ਨੂੰ ਹੀ ਜੰਗਲ ਸਮਝ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸਿੱਧਾਂ ਨੇ ਪੁੱਛਿਆ ਕਿ ਮੁਕਤੀ ਕਿਵੇਂ ਮਿਲ ਸਕਦੀ ਹੈ ਤਾਂ ਉਹਨਾਂ ਉੱਤਰ ਦਿੱਤਾ ਸੀ :

ਜੈਸੇ ਜਲ ਮਹਿ ਕਮਲੁ ਨਿਰਾਮਲੁ ਮੁਰਗਾਈ ਨੈਸਾਣੇ।

ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ। (ਆਦਿ ਗ੍ਰੰਥ, ਪੰਨਾ ੯੩੮)

ਗੁਰੂ ਸਾਹਿਬਾਨ ਉਚੇਰੀ ਅਵਸਥਾ ਪ੍ਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ ਸਮਝਦੇ। ਉਹ ਤਾਂ ਇਸ ਸੰਸਾਰ (ਸਮਾਜ) ਨੂੰ ਹੀ ਪਰਮਾਤਮਾ ਦਾ ਰੂਪ ਮੰਨਦੇ ਹਨ ਅਤੇ ਇਸਦੀ ਸੇਵਾ ਕਰਨ ਨੂੰ ਹੀ ਉਹ ਪਰਮਾਤਮਾ ਦੀ ਭਗਤੀ ਗਿਣਦੇ ਹਨ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।

ਮੰਦਾ ਕਿਸਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ। (ਆਦਿ ਗ੍ਰੰਥ, ਪੰਨਾ ੧੩੮੧)

ਪਰ ਅਜਿਹਾ ਕਰਨ ਲਈ ਆਪਣੇ ਨਿੱਜ ਦਾ ਮੋਹ, ਹਉਮੈ, ਸਵਾਰਥ ਆਦਿ ਭਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਇਹੀ ਗੁਰੂ ਸਾਹਿਬਾਨ ਦਾ ਉਦਾਸੀ ਭਾਵ ਹੈ। ਜੇ ਇਹ ਭਾਵ ਮਨ ਵਿਚ ਆ ਜਾਵੇ ਤਾਂ ਘਰ ਵੀ ਜੰਗਲ ਬਣ ਸਕਦਾ ਹੈ। ਸੰਸਾਰਕ ਵਸਤਾਂ ਨਾ ਚੰਗੀਆਂ ਹਨ ਨਾ ਮਾੜੀਆਂ। ਉਹਨਾਂ ਨਾਲ ਤੁਹਾਡਾ ਰਿਸ਼ਤਾ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜੇ ਤੁਸੀਂ ਉਹਨਾਂ ਉੱਤੇ ਆਪਣੀ ਮਾਲਕੀ ਮਨ ਕੇ ਉਹਨਾਂ ਦੀ ਰਾਖੀ ਲਈ ਹੀ ਆਪਣੀ ਉਮਰ ਗੁਆ ਦਿੰਦੇ ਹੋ ਤਾਂ ਇਹ ਵਸਤਾਂ ਮਾੜੀਆਂ ਹਨ ਪਰ ਜੇ ਤੁਸੀਂ ਉਹਨਾਂ ਦਾ ਪ੍ਰਯੋਗ ਸਮਾਜ ਸੇਵਾ ਲਈ ਕਰਦੇ ਹੋ ਤਾਂ ਇਹੀ ਵਸਤਾਂ ਚੰਗੀਆਂ ਬਣ ਜਾਂਦੀਆਂ ਹਨ। ਇਹੀ ਹਾਲ ਘਰ ਦਾ ਹੈ। ਘਰ ਮਨੁੱਖ ਦੇ ਵਿਕਾਸ ਲਈ ਬਣਿਆ ਹੈ ਪਰ ਜੇ ਮਨੁੱਖ ਕੇਵਲ ਆਪਣੇ ਘਰ ਵਿਚ ਹੀ ਖਚਤ ਹੋ ਕੇ ਰਹਿ ਜਾਵੇ ਤਾਂ ਘਰ ਮਾੜਾ ਬਣ ਜਾਂਦਾ ਹੈ ਪਰ ਜੇ ਇਹੋ ਘਰ ਸਮਾਜ ਸੇਵਾ ਦਾ ਕੇਂਦਰ ਬਣ ਜਾਵੇ ਤਾਂ ਇਹ ਚੰਗਾ ਬਣ ਜਾਂਦਾ ਹੈ। ਗੁਰੂ ਸਾਹਿਬ ਘਰ ਨੂੰ ਜੰਗਲ ਸਮਝਣ ਦੀ ਹਦਾਇਤ ਕਰਦੇ ਹਨ।

## ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ

ਸੰਨਿਆਸੀ ਲੋਕ ਜਟਾਵਾਂ ਧਾਰਨ ਕਰਦੇ ਹਨ। ਸਾਡੇ ਸਮਾਜ ਵਿਚ ਕੇਸਾਂ ਨੂੰ ਸੁਆਰਨਾ ਸਭਿਅਤਾ ਜਾਂ ਗ੍ਰਿਹਸਥ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਸੰਨਿਆਸੀ ਲੋਕ ਕੰਘਾ ਕਰਨਾ ਛੱਡ ਭਾਵ ਗ੍ਰਿਹਸਥ ਤਿਆਗ ਕੇ ਕੇਸਾਂ ਦੀਆਂ ਜਟਾਵਾਂ ਬਣਾ ਲੈਂਦੇ ਹਨ। ਪਰ ਗੁਰੂ ਸਾਹਿਬ ਉਸ ਸੰਨਿਆਸੀ ਨੂੰ ਜਿਹੜਾ ਆਪਣੇ ਮਨ ਵਿਚ ਉਦਾਸ ਧਾਰਨ ਕਰਦਾ ਹੈ ਅਤੇ ਘਰ ਨੂੰ ਜੰਗਲ ਸਮਝਦਾ ਹੈ, ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਕਹਿੰਦੇ ਹਨ ਇੱਥੇ 'ਜਤ' ਜੋਗੀਆਂ ਵਾਲਾ ਜਤ ਨਹੀਂ, ਕਿ ਆਪਣੀਆਂ ਇੱਛਾਵਾਂ ਨੂੰ ਬਿਲਕੁਲ ਖਤਮ ਹੀ ਕਰ ਲਓ। ਇਥੇ ਜਤ ਦਾ ਅਰਥ ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਤੋਂ ਹੈ। ਇਸੇ ਕਰਕੇ ਗੁਰਮਤਿ ਵਿਚ 'ਏਕਾ ਨਾਰੀ ਜਤੀ ਸੋਇ' ਦਾ ਸੰਕਲਪ ਦਿੱਤਾ ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ:

ਜਤਨ ਕਰੇ ਬਿੰਦੁ ਕਿਵੇ ਨ ਰਹਾਈ। ਮਨੂਆ ਡੋਲੇ ਨਰਕੇ ਪਾਈ। (ਆਦਿ ਗ੍ਰੰਥ, ਪੰਨਾ ੯੦੬)

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹਨਾਂ ਤੁਕਾਂ ਦਾ ਭਾਵ ਇਹ ਹੈ ਕਿ ਕਿਤਨੇ ਹੀ ਜਤਨ ਕਰੋ ਵੀਰਯ ਰੁਕ ਨਹੀਂ ਸਕਦਾ। ਇਸ ਕਰਕੇ ਹਠ ਨਾਲ ਬਿੰਦੂ ਰੋਕਣ ਵਾਲੇ ਨੂੰ ਜਤੀ ਕਹਿਣਾ ਉਚਿਤ ਨਹੀਂ। ਜੋ ਗ੍ਰਿਹਸਥੀ ਹੋ ਕੇ ਪਰ ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ ਉਹ ਤਾਂ ਜਤੀ ਦੀ ਪੱਦਵੀ ਤੋਂ ਮੁੱਢੋਂ ਹੀ ਦੂਰ ਹੈ, ਕਿਉਂਕਿ ਉਸ ਨੇ ਗ੍ਰਿਹਸਥ ਆਸ਼ਰਮ ਦੀ ਰਹਿਣੀ ਗੁਰ ਸ਼ਬਦ ਦੁਆਰਾ ਨਹੀਂ ਜਾਣੀ। ਗੁਰਮੁਖ ਮਹਾਂਪੁਰਖਾਂ ਨੇ ਜਤ ਦਾ ਤੱਤ ਵਿਚਾਰਿਆ ਹੈ ਅਰਥਾਤ ਨਾ ਉਹ ਹਠ ਕਰਕੇ ਵੀਰਯ ਰੋਕ ਕੇ ਗ੍ਰਹਿਸਥ ਦੇ ਤਿਆਗੀ ਹਨ ਅਤੇ ਨਾ ਵਿਸ਼ਯ ਲੰਪਟ ਹੋ ਕੇ ਇਸਤੀਵ੍ਰਤ ਤੋਂ ਪਤਿਤ ਹੁੰਦੇ ਹਨ।

(ਗੁਰਮਤਿ ਸੁਧਾਕਰ, ਪੰਨਾ 386)

ਭਾਈ ਗੁਰਦਾਸ ਜੀ ਜਤੀ ਸ਼ਬਦ ਦਾ ਅਰਥ - ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਜਿਸ ਨੇ ਆਪਣੀ ਹਉਮੈ ਨੂੰ ਮਾਰ ਲਿਆ ਹੈ ਉਹ ਜਤੀ ਹੈ:

ਗੁਰਮੁਖ ਜਤੀ ਸਲਾਹੀਅਨ ਜਿਨ ਹਉਮੈ ਮਾਰੀ। (ਵਾਰ ੩੮ ਪਉੜੀ ੭)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਿਸ਼ੇਸ਼ ਸੰਨਿਆਸ ਲਈ ਵਿਸ਼ੇਸ਼ ਤਰ੍ਹਾਂ ਦੇ ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਉਪਦੇਸ਼ ਦਿੰਦੇ ਹਨ। ਇਸੇ ਤੁਕ ਵਿਚ ਦੂਸਰਾ ਲੱਛਣ ਦੱਸਿਆ ਹੈ- ਜੋਗ ਕੋ ਮਜਨ, ਮਜਨ ਦਾ ਅਰਥ ਹੈ ਇਸ਼ਨਾਨ ਕਰਨਾ। ਭਾਰਤ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ। ਜੋਗੀ ਲੋਕ ਜਾਂ ਜਿਹੜੇ ਘਰ-ਬਾਰ ਤਿਆਗ ਦਿੰਦੇ ਹਨ ਉਹਨਾਂ ਨੂੰ ਹੋਰ ਕੋਈ ਕੰਮ ਨਹੀ਼ ਸੀ ਹੁੰਦਾ। ਉਹ ਆਪਣੀ ਉਮਰ ਤੀਰਥਾਂ ਤੇ ਇਸ਼ਨਾਨ ਕਰਦਿਆਂ ਹੀ ਲੰਘਾ ਦਿੰਦੇ ਸਨ। ਇਸ ਇਸ਼ਨਾਨ ਦਾ ਮੰਤਵ ਸਰੀਰ ਦੀ ਸਫਾਈ ਨਹੀਂ ਸੀ ਸਗੋਂ ਕੇਵਲ ਇੱਕ ਤਰ੍ਹਾਂ ਦਾ ਧਾਰਮਕ ਭਰਮ ਸੀ ਕਿ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੋਗ ਰੂਪੀ ਇਸ਼ਨਾਨ ਕਰਨ ਲਈ ਉਪਦੇਸ਼ ਕਰਦੇ ਹਨ। ਜੋਗ ਦਾ ਅਰਥ ਹੈ ਜੋੜਨਾ ਜਾਂ ਜੁੜਨਾ। ਭਾਵ ਪਰਮਾਤਮਾ ਨਾਲ ਜੁੜਨਾ। ਆਪਣੇ ਆਪ ਨੂੰ ਸੰਸਾਰ ਨਾਲੋਂ ਤੋੜ ਕੇ ਪਰਮਾਤਮਾ ਨਾਲ ਜੋੜਨਾ। ਜੋਗੀ ਲੋਗ ਇਸ ਸੰਸਾਰ ਤੋਂ ਆਪਣੇ ਆਪ ਨੂੰ ਵਿਰਕਤ ਕਰਨ ਲਈ ਕਈ ਤਰ੍ਹਾਂ ਦੇ ਆਸਣ ਕਰਦੇ ਸਨ ਪਰ ਗੁਰਮਤਿ ਵਿਚ- ਅਜਿਹੇ ਜੋਗ ਨੂੰ ਉਚਿਤ ਲਈ ਸਮਝਿਆ ਗਿਆ :

ਸਿਧਾਂ ਕੇ ਆਸਣ ਜੇ ਸਿਖੇ ਇੰਦ੍ਰੀ ਵਸਿ ਕਰਿ ਕਮਾਇ ॥

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨਾ ਜਾਇ ॥ (ਆਦਿ ਗ੍ਰੰਥ, ਪੰਨਾ ੫੫੮)

ਗੁਰੂ ਨਾਨਕ ਦੇਵ ਜੀ ਘਰ ਹੀ ਵਿਚ ਜੋਗੀ ਹੋਣ ਨੂੰ ਦ੍ਰਿੜ੍ਹ ਕਰਦਿਆਂ ਫੁਰਮਾਉਂਦੇ ਹਨ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । (ਆਦਿ ਗ੍ਰੰਥ, ਪੰਨਾ ੧੩੦)

ਸਨਿਆਸੀ ਲੋਕ ਨਹੁੰ ਨਹੀਂ ਸੀ ਕੱਟਦੇ ਸ਼ਾਇਦ ਇਸ ਪਿੱਛੇ ਭਾਵਨਾਂ ਕਰੂਪ ਦਿਸਣ ਦੀ ਹੀ ਹੋਏ । ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਨਿਆਸ ਵਿੱਚ ਨੇਮ ਦੇ ਨਹੁੰ ਵਧਾਉਣ ਲਈ ਕਿਹਾ ਗਿਆ ਹੈ। ਆਪਣੇ ਜੀਵਨ ਨੂੰ ਨਿਯਮਬੱਧ ਕਰਨਾ ਸਿੱਖ ਸੰਨਿਆਸੀ ਲਈ ਜ਼ਰੂਰੀ ਹੈ । ਸਿੱਖ ਨੇ ਆਪਣੇ ਜੀਵਨ ਨੂੰ ਸਹਿਜ ਅਵਸਥਾ ਵਿਚ ਰੱਖ ਕੇ ਨਿਯਮਬੱਧ ਕਰਨਾ ਹੈ। ਗੁਰਬਾਣੀ ਵਿੱਚ ਸਿੱਖ ਲਈ ਰੋਜ਼ਾਨਾ ਜੀਵਲ ਦੀ ਇੱਕ ਰਹਿਣੀ ਦੱਸੀ ਗਈ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ

ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।... (ਆਦਿ ਗ੍ਰੰਥ, ਪੰਨਾ ੩੦੫)

### ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ

ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਦੀ ਬੜੀ ਮਹੱਤਤਾ ਰਹੀ ਹੈ। ਆਮ ਕਹਾਵਤ ਹੈ ਕਿ ਗੁਰੂ ਬਿਨਾਂ ਗਤ ਨਹੀਂ । ਗੁਰਬਾਣੀ ਵਿੱਚ ਵਾਕ ਮਿਲਦਾ ਹੈ। 'ਨਿਗੁਰੇ ਕਾ ਹੈ ਨਾਉ ਬੁਰਾ।' ਪਰ ਦੇਹਧਾਰੀ ਗੁਰੂ ਦੇ ਜਿੱਥੇ ਲਾਭ ਸਨ ਉਥੇ ਹਾਨੀਆਂ ਵੀ ਸਨ। ਲਾਭ ਤਾਂ ਇਹ ਸਨ ਕਿ ਦੇਹਧਾਰੀ ਗੁਰੂ ਕੋਲੋਂ ਅਸੀਂ ਆਪਣੀਆਂ ਨਿਤ ਦੀਆਂ ਸਮੱਸਿਆਵਾਂ ਬਾਰੇ ਵੀ ਅਗਵਾਈ ਲੈ ਸਕਦੇ ਸਾਂ। ਉਹ ਸਾਨੂੰ ਹਰ ਸਮੇਂ ਚੰਗੇ ਮਾੜੇ ਬਾਰੇ ਦੱਸ ਸਕਦਾ ਸੀ। ਪਰ ਦੇਹਧਾਰੀ ਗੁਰੂ ਕਈ ਵਾਰ ਡੋਲ ਵੀ ਜਾਂਦੇ ਸਨੇ। ਉਹ ਕਈ ਵਾਰ ਆਪਣੇ ਸਵਾਰਥ ਲਈ ਲੋਕਾਂ ਨੂੰ ਠੀਕ ਰਾਹ ਪਾਉਣ ਦੀ ਬਜਾਇ ਗਲਤ ਰਾਹ ਵੀ ਪਾ ਦਿੰਦੇ ਸਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਭਾਵੇਂ ਆਦਰਸ਼ਕ ਗੁਰੂ ਵਾਲਾ ਬਿਤਾਇਆ ਪਰ ਉਹਨਾਂ ਨੇ ਗੁਰੂ, ਗੁਰਵਾਕ ਭਾਵ ਗੁਰਬਾਣੀ ਨੂੰ ਹੀ ਮੰਨਿਆ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।

ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ। (ਆਦਿ ਗ੍ਰੰਥ, ਪੰਨਾ ੯੮੨)

ਸੋ ਸਿੱਖ ਸੰਨਿਆਸੀ ਦੇਹਧਾਰੀ ਗੁਰੂ ਧਾਰਨ ਨਹੀਂ ਕਰਦਾ ਸਗੋਂ ਗਿਆਨ ਰੂਪੀ ਗੁਰੂ ਰਾਹੀ਼ ਆਪਣੀ ਆਤਮਾ ਨੂੰ ਉਪਦੇਸ਼ ਕਰਦਾ ਹੈ। ਸੰਨਿਆਸੀ ਆਪਣੇ ਸਰੀਰ ਤੇ ਸੁਆਹ ਜਾਂ ਬਿਭੂਤੀ ਵੀ ਮਲਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨਾਮ ਦੀ ਬਿਭੂਤੀ ਲਾਉਣ ਲਈ ਕਹਿੰਦੇ ਹਨ। ਗੁਰਬਾਣੀ ਵਿੱਚ 'ਨਾਮ' ਦਾ ਅਰਥ ਪਰਮਾਤਮਾ ਹੈ। ਵੈਸੇ ਵਿਸ਼ੇਸ਼ਣਾਂ ਵਜੋਂ ਉਸ ਦੇ ਅਨੇਕ ਨਾਮ ਹਨ। ਜਦੋਂ ਮਨੁੱਖ ਪਰਮਾਤਮਾ ਦੇ ਗੁਣਾਂ ਰੂਪੀ ਨਾਵਾਂ ਨੂੰ ਵਾਰ ਵਾਰ ਯਾਦ ਕਰਦਾ ਹੈ ਤਾਂ ਉਸ ਵਿੱਚ ਵੀ ਉਹ ਗੁਣ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਜਿਹੜੇ ਉਸ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਜਪੁਜੀ ਵਿੱਚ ਗੁਰੂ ਨਾਨਕ ਜੀ ਦਾ ਫੁਰਮਾਨ ਹੈ :

ਭਰੀਐ ਮਤਿ ਪਾਪਾ ਕੈ ਸੰਗਿ ।
ਓਹ ਧੋਪੈ ਨਾਵੈ ਕੇ ਰੰਗਿ ।

ਨਾਮ ਦੀ ਬਿਭੂਤੀ ਮਨੁੱਖੀ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦੀ ਮੈਲ ਨੂੰ ਧੋ ਦਿੰਦੀ ਹੈ।

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ**

ਸੰਨਿਆਸੀ ਲੋਕ ਭੁੱਖ ਨੂੰ ਮਾਰਨ ਲਈ ਕਈ ਕਈ ਦਿਨ ਵਰਤ ਰੱਖਦੇ ਸਨ। ਦੂਸਰੇ ਪਾਸੇ ਕਈ ਗ੍ਰਹਿਸਥੀ ਲੋੜ ਨਾਲੋਂ ਵਧੇਰੇ ਖਾਂਦੇ ਸਨ। ਗੁਰੂ ਸਾਹਿਬ ਨੇ ਵਿਚਕਾਰਲਾ ਰਸਤਾ-ਧਾਰਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਥੋੜ੍ਹਾ ਖਾਣਾ ਅਤੇ ਥੋੜ੍ਹਾ ਸੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਦਸਦੇ ਹਨ :

ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ ॥ (ਆਦਿ ਗ੍ਰੰਥ, ਪੰਨਾ ੪੩੭)

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਵੀ ਅਜਿਹੀ ਜੀਵਨ ਜੁਗਤ ਦੇ ਸੰਕੇਤ ਮਿਲਦੇ ਹਨ :

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥ (ਵਾਰ ੧੨ ਪਉੜੀ ੫)

ਅਤੇ

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।
ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ।
ਥੋੜਾ ਬੋਲਣ ਬੋਲਿ ਨ ਝਖਿ ਝਖਾਇਆ।
ਥੋੜੀ ਰਾਤੀਂ ਨੀਂਦ ਨ ਮੋਹਿ ਫਹਾਇਆ । (ਵਾਰ ੨੦, ਪਉੜੀ ੧੫)

ਪਿਛਲ ਰਾਤੀਂ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ ।
ਮਿਠਾ ਬੋਲਣ ਨਿਵ ਚਲਣ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤ ਪਾਏ।

ਭਾਈ ਸੰਤੋਖ ਸਿੰਘ ਜੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਲਮਬੱਧ ਕਰਦਿਆਂ ਇਸ ਗੱਲ ਨੂੰ ਹੋਰ ਸਪਸ਼ੱਟ ਕਰਦੇ ਹਨ :

ਛੁਧਾ ਬਿਨਾ ਨਹਿ ਖੈ ਬੋ ਕਰੇ।
ਨੀਂਦ ਬਿਨਾ ਨਹਿ ਸੁਪਤਨ ਪਰੈ।
ਛੁਧ ਬਿਨ ਖਾਇ ਰੋਗ ਉਪਜਾਵੈ।
ਜੋ ਸੁਪਤੇ ਨਿਜ ਅਵਧਿ ਘਟਾਵੈ।

(ਗੁਰ ਪ੍ਰਤਾਪ ਸੂਰਜ, ਰਾਗ ੧, ਅਧਿਆਇ 64)

ਗੁਰਸਿੱਖ ਰੂਪੀ ਸੰਨਿਆਸੀ ਆਪਣੇ ਮਨ ਵਿੱਚ ਦਇਆ ਭਾਵ ਲਿਆਵੇ। ਇਸ ਧਰਤੀ ਤੇ ਵਿਚਰਨ ਲੱਗਿਆਂ, ਸਮਾਜ ਵਿੱਚ ਰਹਿੰਦਿਆਂ ਦਇਆ ਬੜਾ ਅਹਿਮ ਜਜ਼ਬਾ ਹੈ। ਜੇ ਇਹ ਜਜ਼ਬਾ ਨਾ ਹੋਵੇ ਤਾਂ ਸਮਾਜ ਦੇ ਤਹਿਸ-ਨਹਿਸ ਹੋ ਜਾਣ ਦਾ ਖਤਰਾ ਬਣ ਜਾਂਦਾ ਹੈ। ਦਇਆ ਦਾ ਭਾਵ ਆਪੇ ਨੂੰ, ਸਵਾਰਥ ਨੂੰ ਗੁਆਉਣ ਉਪਰੰਤ ਹੀ ਪੈਦਾ ਹੁੰਦਾ ਹੈ। ਜਦੋਂ ਮਨੁੱਖ ਸਵਾਰਥ ਛੱਡ ਕੇ ਕਿਸੇ ਦੂਜੇ ਲਈ ਕੰਮ ਕਰਦਾ ਹੈ ਤਾਂ ਉਹ ਕੰਮ ਦਇਆ ਵੱਸ ਹੋ ਕੇ ਕੀਤਾ ਗਿਆ ਸਮਝਿਆ ਜਾਂਦਾ ਹੈ। ਧਾਰਮਕ ਖੇਤਰ ਵਿੱਚ ਦਇਆ ਨੂੰ ਧਰਮ ਦੀ ਮਾਂ ਕਿਹਾ ਜਾਂਦਾ ਹੈ:

ਧੌਲ ਧਰਮੁ ਦਇਆ ਕਾ ਪੂਤੁ (ਆਦਿ ਗ੍ਰੰਥ, ਪੰਨਾ ੧੨)

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਵੀ ਦਇਆ ਦੀ ਗੱਲ ਕਰਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਹਿ ।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ-ਦਾਨੁ ਕਰੇਇ। (ਆਦਿ ਗ੍ਰੰਥ, ਪੰਨਾ ੪੬੮)

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 118 'ਤੇ ਇਹਨਾਂ ਤੁਕਾਂ ਦੇ ਅਰਥਾਂ ਵਿੱਚ ਦਇਆ ਭਾਵ ਸਪਸ਼ਟ ਕਰਦੇ ਹਨ; ਕਿ "ਜੀਵਾਂ ਉੱਤੇ ਦਇਆ ਕਰਨ ਦੀ ਜੁਗਤ ਜਾਣ ਸੱਪ, ਠੂੰਹੇ, ਸ਼ੇਰ-ਬਘਿਆੜ ਅਤੇ ਹਲਕਾਏ ਕੁੱਤਿਆਂ ਆਦਿ ਉੱਤੇ ਦਇਆ ਕਰਕੇ ਪਾਪ ਦਾ ਭਾਗੀ ਨਾ ਬਣੇ ਅਤੇ ਜੀਵ ਮਾਰਨ ਦੇ ਭੈ ਤੋਂ ਜੁੱਤੀ ਤਿਆਗ ਕੇ ਮੂੰਹ ਤੇ ਪੱਟੀ ਨਾ ਬੰਨ੍ਹ ਬੈਠੇ। ਇਸ ਤਰ੍ਹਾਂ ਹੀ ਆਪਣੇ ਅਧੀਨ ਜੀਵਾਂ ਨੂੰ ਭੁੱਖ, ਤ੍ਰੇਹ ਅਤੇ ਬੇਰਹਿਮਾਂ ਦੇ ਵਰਤਾਉ ਰੂਪ ਕਲੇਸ਼ ਤੋਂ ਬਚਾਉਣ ਦਾ ਸ਼ਕਤੀ ਭਰ ਜਤਨ ਕਰੇ।" ਦਇਆ ਤੋਂ ਬਿਨਾਂ ਧਰਮ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਜਦੋਂ ਕਲਜੁਗ ਵਿੱਚ ਸਮਾਜ ਦੀ ਹਾਲਤ ਦੱਸਦੇ ਹਨ ਤਾਂ ਉਹ ਇਸ ਨੁਕਤੇ ਵੱਲ ਵਿਸ਼ੇਸ਼ ਸੰਕੇਤ ਦਿੰਦੇ ਹਨ :

ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ।

ਆਪੇ ਪਟੀ ਕਲਮਿ ਆਪਿ ਆਪ ਲਿਖਣਿਹਾਰਾ ਹੋਆ।

ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਹੋਆ।

ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਦਿਨਿ ਰੋਆ।

ਬਾਝ ਦਇਆ ਬਲਹੀਣ ਹੋਇ ਨਿਘਰ ਚਲੇ ਰਸਾਤਲਿ ਟੋਆ ।

ਗੁਰੂ ਗੋਬਿੰਦ ਸਿੰਘ ਜੀ ਨੇ ਇੰਨੇ ਜੰਗ ਯੁੱਧ ਕੀਤੇ ਪਰ ਉਹਨਾਂ ਨੇ ਦਇਆ ਭਾਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਕਹਿੰਦੇ ਹਨ ਕਿ ਉਹਨਾਂ ਦੇ ਤੀਰਾਂ ਨੂੰ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ। ਉਹਨਾਂ ਦੇ ਤੀਰ ਨਾਲ ਜੇ ਕਿਸੇ ਦਾ ਦੇਹਾਂਤ ਹੋ ਜਾਵੇ ਤਾਂ ਉਸ ਸੋਨੇ ਨਾਲ ਉਸ ਦਾ ਕਿਰਿਆ ਕਰਮ ਅਤੇ ਉਹ ਸੋਨਾ ਉਸ ਦੇ ਬਾਲ-ਬੱਚੇ ਦੇ ਕੰਮ ਵੀ ਆ ਸਕਦਾ ਸੀ। ਜੇ ਤੀਰ ਨਾਲ ਕੋਈ ਫੱਟੜ ਹੋ ਜਾਵੇ ਤਾਂ ਉਸਦਾ ਇਲਾਜ ਵੀ ਉਸ ਸੋਨੇ ਨਾਲ ਹੋ ਸਕਦਾ ਸੀ। ਦਇਆ ਦੇ ਨਾਲ ਖਿਮਾ ਦਾ ਗੁਣ ਵੀ ਅਜਿਹੇ ਸੰਨਿਆਸੀ ਲਈ ਜ਼ਰੂਰੀ ਹੈ। ਸਮਾਜ ਵਿੱਚ ਆਮ ਤੌਰ 'ਤੇ ਬਦਲੇ ਦੀ ਭਾਵਨਾ ਅਧੀਨ ਬਹੁਤ ਸਾਰੇ ਕੰਮ ਹੁੰਦੇ ਹਨ। ਲੋਕ ਪੀੜ੍ਹੀਆਂ ਤੱਕ ਇਕ ਦੂਜੇ ਦੇ ਦੁਸ਼ਮਣ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦਸੱਦੇ ਹਨ ਕਿ ਦਇਆ ਅਤੇ ਖਿਮਾਂ ਨੂੰ ਪ੍ਰੀਤ ਕਰਕੇ ਭਾਵ ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸਿੱਖ ਖਾਸ ਤਰ੍ਹਾਂ ਦਾ ਸੰਨਿਆਸੀ ਬਣੇ।

**ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ**

ਸੀਲ ਸ਼ਬਦ ਦੇ ਕਈ ਅਰਥ ਹਨ-ਮਨਨ ਕਰਨਾ, ਮਨ ਟਿਕਾਉਣਾ, ਅਭਿਆਸ ਕਰਨਾ, ਇਸ ਦਾ ਅਰਥ ਸੱਭਅ, ਸ਼ਿਸ਼ਟਾਚਾਰ ਆਦਿ ਵੀ ਕੀਤਾ ਜਾਂਦਾ ਹੈ। ਗੁਰੂ ਸਾਹਿਬ ਇਹ ਗੁਣ ਵੀ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ। ਸੰਤੋਖ ਨੂੰ ਨਿਭਾਉਣ ਲਈ ਵੀ ਹੁਕਮ ਹੈ। ਸੰਤੋਖ ਇੱਕ ਧਾਗੇ ਹੈ ਵਾਂਗ ਜਿਸ ਵਿੱਚ ਸਮਾਜ ਦੀ ਮਾਲਾ ਪਰੋਈ ਹੋਈ ਹੈ। ਜਪੁਜੀ ਦੀਆਂ ਤੁਕਾਂ ਫਿਰ ਪੜ੍ਹ-ਵਾਚੀਏ :

ਧੌਲ ਧਰਮ ਦਇਆ ਕਾ ਪੂਤੁ।

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ। (ਆਦਿ ਗ੍ਰੰਥ, ਪੰਨਾ ੩)

ਇਸ ਸੰਬੰਧ ਵਿੱਚ ਗੁਰਬਾਣੀ ਵਿੱਚ ਹੋਰ ਵੀ ਅਨੇਕ ਤੁਕਾਂ ਵੀ ਵਿਚਾਰਨਯੋਗ ਹਨ :

ਸਹਸ ਖਟੇ ਲਖ ਕਉ ਉਠਿ ਧਾਵੈ।

ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।

ਅਨਿਕ ਭੋਗ ਬਿਖਿਆ ਕੇ ਕਰੈ।

ਨਹ ਤ੍ਰਿਪਤਾਵੈ ਖਪਿ ਖਪਿ ਮਰੈ।

ਬਿਨ ਸੰਤੋਖ ਨਹੀਂ ਕੋਊ ਰਾਜੈ

ਸੁਪਨ ਮਨੋਰਥ ਬਿਰਥੇ ਸਭ ਕਾਜੈ। (ਆਦਿ ਗ੍ਰੰਥ, ਪੰਨਾ ੨੭੯)

-ਸਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰ । (ਆਦਿ ਗ੍ਰੰਥ, ਪੰਨਾ ੫੧)

-ਸਤ ਸੰਤੋਖਿ ਰਹਹੁ ਜਨ ਭਾਈ।
ਖਿਮਾ ਗਹਹੁ ਸਤਗੁਰ ਸਰਣਾਈ (ਆਦਿ ਗ੍ਰੰਥ, ਪੰਨਾ ੧੦੩੦)

-ਸਤੁ ਸੰਤੋਖਿ ਦਇਆ ਧਰਮ ਸੀਗਾਰ ਬਨਾਵਉ। (ਆਦਿ ਗ੍ਰੰਥ, ਪੰਨਾ ੮੨੨)

-ਸਤ ਸੰਤੋਖ ਸਦਾ ਸਚ ਪਲੈ ਸਚ ਬੋਲੈ ਪਿਰ ਪਾਏ। (ਆਦਿ ਗ੍ਰੰਥ, ਪੰਨਾ ੭੬੪)

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਧਰਮ ਹੋਵੇ ਉਸ ਨੂੰ ਉੱਤਮ ਦੱਸਿਆ ਗਿਆ ਹੈ ਅਤੇ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿਹੜੇ ਗੁਰੂ ਭਾਵ ਗੁਰਬਾਣੀ ਵੱਲ ਮੂੰਹ ਕਰੀ ਬੈਠੇ ਹਨ ਭਾਵ ਉਸ ਨੂੰ ਸੁਣਦੇ, ਪੜ੍ਹਦੇ ਅਤੇ ਵਿਚਾਰਦੇ ਹਨ :

-ਜਿਤ ਕਾਰਜ ਸਤ ਸੰਤੋਖਿ ਦਇਆ ਧਰਮੁ ਹੈ
ਗੁਰਮੁਖਿ ਬੂਝੈ ਕੋਈ। (ਆਦਿ ਗ੍ਰੰਥ, ਪੰਨਾ ੩੫੧)

- ਸੰਤੋਖ ਆਇਆ ਮਨ ਪੂਰਾ ਪਾਇ।
ਫਿਰ ਫਿਰ ਮਾਗਨ ਕਾਹੇ ਜਾਇ । (ਆਦਿ ਗ੍ਰੰਥ, ਪੰਨਾ ੮੯੧)

ਸੰਤੋਖ ਕਾਰਨ ਹੀ ਬੰਦਾ ਆਪਣੇ ਸਵਾਰਥ ਤੋਂ ਮੁਕਤ ਹੋ ਸਕਦਾ ਹੈ।

ਤ੍ਰਿਗੁਣ ਸ਼ਬਦ ਮਾਇਆ ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਇਥੇ ਉਪਦੇਸ਼ ਹੈ ਕਿ ਮਾਇਆ ਤੋਂ ਰਹਿਤ ਹੋਵੇ :

ਪਰਹਰਿ ਕਾਮ ਕ੍ਰੋਧ ਝੂਠ ਨਿੰਦਾ ਤਜ ਮਾਇਆ ਅਹੰਕਾਰ ਚੁਕਾਵੈ।
ਤਜਿ ਕਾਮ ਕਾਮਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨ ਪਾਵੈ। (ਆਦਿ ਗ੍ਰੰਥ, ਪੰਨਾ ੧੪੧)

**ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨਾ ਮਨ ਸਿਉ ਲਿਆਵੈ**

ਗੁਰੂ ਸਾਹਿਬ ਨੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾ ਵਿਕਾਰਾਂ ਦੇ ਨਾਲ-ਨਾਲ ਹਠ ਨੂੰ ਵੀ ਸ਼ਾਮਲ ਕੀਤਾ ਏ ਅਤੇ ਇਸ ਤੋਂ ਵੀ ਬਚਣ ਦਾ ਉਪਦੇਸ਼ ਕੀਤਾ ਹੈ। ਇਹਨਾਂ ਵਿਕਾਰਾਂ ਬਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਥਾਵਾਂ ਤੇ ਜ਼ਿਕਰ ਇਸ ਪ੍ਰਕਾਰ ਹੈ :

-ਸਾਧੋ ਮਨ ਕਾ ਮਾਨੁ ਤਿਆਗਉ ।
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗੋ। (ਆਦਿ ਗ੍ਰੰਥ, ਪੰਨਾ ,੨੧੯)

-ਦੁਤੀਆ, ਦੁਰਮਤਿ ਦੂਰਿ ਕਰ ਗੁਰ ਸੇਵਾ ਕਰਿ ਨੀਤ ।
ਰਾਮ ਰਤਨੁ ਮਨਿ ਤਨਿ ਬਸੈ ਤਜ ਕਾਮ ਕ੍ਰੋਧ ਲੋਭੁ ਮੀਤ ।
(ਆਦਿ ਗ੍ਰੰਥ, ਪੰਨਾ ,੨੯੬)

-ਗੁਰ ਕੇ ਚਰਣ ਕਮਲ ਨਮਸਕਾਰਿ ।
ਕਾਮੁ ਕ੍ਰੋਧੁ ਇਸ ਤਨ ਤੇ ਮਾਰਿ ।
(ਆਦਿ ਗ੍ਰੰਥ, ਪੰਨਾ ,੮੬੬)

-ਛੋਡਹੁ ਕਾਮ ਕ੍ਰੋਧ ਬੁਰਿਆਈ।
ਹਉਮੈਂ ਧੰਧ ਛੋਡਹੁ ਲਪਟਾਈ।
(ਆਦਿ ਗ੍ਰੰਥ, ਪੰਨਾ ,੧੦੨੬)

ਗੁਰੂ ਅਮਰਦਾਸ ਜੀ ਉਸ ਵਿਅਕਤੀ ਨੂੰ ਅਸਲੀ ਬਹਾਦਰ ਤੇ ਸੂਰਮਾ ਗਿਣਦੇ ਹਨ ਜਿਸਨੇ ਆਪਣੇ ਆਪ ਵਿਚੋਂ ਹੰਕਾਰ ਨੂੰ ਖਤਮ ਕਰ ਲਿਆ ਹੈ :

ਨਾਨਕ, ਸੋ ਸੂਰਾ ਵਰਿਆਮੁ ਜਿਨ ਵਿਚਹੁ ਦੁਸਟੁ ਅਹੰਕਰਣੁ ਮਾਰਿਆ।

(ਆਦਿ ਗ੍ਰੰਥ, ਪੰਨਾ ,੮੬)

ਜਿਵੇਂ ਕਿ ਪਹਿਲਾਂ ਦੱਸ ਚੁੱਕੇ ਹਾਂ ਕਿ ਹਠ ਨੂੰ ਗੁਰੂ ਸਾਹਿਬ ਨੇ ਪੰਜ ਵਿਕਾਰਾਂ ਦੇ ਨਾਲ ਹੀ ਸ਼ਾਮਲ ਕੀਤਾ ਹੈ। ਲੋਕ ਗ੍ਰਹਿਸਥ ਤਿਆਗ ਕੇ ਹਠ ਨਾਲ ਆਪਣੀਆਂ ਵਾਸ਼ਨਾਵਾਂ ਨੂੰ ਮਾਰਨ ਦੇ ਰਾਹ ਪੈਂਦੇ ਸਨ। ਇਹ ਵੀ ਉਨਾਂ ਹੀ ਮਾੜਾ ਹੈ ਜਿੰਨਾ ਕਿ ਭੋਗ ਵਾਲਾ ਰਾਹ। ਗੁਰੂ ਸਾਹਿਬ ਸਹਿਜ ਦਾ ਰਾਹ ਦਸੱਦੇ ਹਨ ਕਿ ਗ੍ਰਹਿਸਥ ਦੇ ਵਿੱਚ ਉਦਾਸੀ ਦੀ ਭਾਵਨਾ ਹੋਵੇ। ਇਸ ਨੂੰ ਸਹਿਜ ਜੋਗ ਵੀ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹਠ ਬਾਰੇ ਫੁਰਮਾਉਂਦੇ ਹਨ :

ਹਠੁ ਕਰਿ ਮਰੈ ਨ ਲੇਖੈ ਪਾਵੈ।

(ਆਦਿ ਗ੍ਰੰਥ, ਪੰਨਾ ,੨੨੬)

ਹਠ ਨਾਲ ਜੇ ਕਿਸੇ ਨੇ ਬ੍ਰਹਮਚਰਜ ਧਾਰਨ ਕੀਤਾ ਹੋਵੇ ਤਾਂ ਫਿਰ ਉਸ ਵਿੱਚਹੰਕਾਰ ਜ਼ਰੂਰ ਜਾਗਦਾ ਹੈ। ਇਸ ਬਾਰੇ ਫੁਰਮਾਨ ਹੈ :

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ।
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸ ਮਹਿ ਕ੍ਰੋਧੁ ਬਿਗਾਨਾ।


(ਆਦਿ ਗ੍ਰੰਥ, ਪੰਨਾ ,੧੦੦੩)

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਵਿਚ ਦਰਸਾਏ ਰਾਹ ਤੇ ਚਲਣ ਵਾਲਾ ਸਿੱਖ ਸੰਨਿਆਸੀ ਪਰਮ ਪੁਰਖ ਨੂੰ ਪਰਾਪਤ ਕਰ ਸਕਦਾ ਹੈ:

**ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ**

ਕਿੰਨਾ ਭਾਵ ਪੂਰਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਰਹਿਤਨਾਮਾ!!

ਮੋਬਾਇਲ : 9814053630



# ਸੋਭਾ ਸਿੰਘ ਦੇ ਗੁਰੂ ਨਾਨਕ

**ਜਗਤਾਰਜੀਤ ਸਿੰਘ**

ਗੁਰੂ ਨਾਨਕ ਦਾ ਨਾ ਬੁੱਲਾਂ ਉੱਪਰ ਆਉਂਦਿਆਂ ਹੀ ਦੋ ਹੋਰ ਨਾਂ ਆਪ ਮੁਹਾਰੇ ਤੁਰ ਆਉੱਦੇ ਹਨ। ਉਨ੍ਹਾਂ ਨੂੰ ਉਚਾਰਿਆ ਭਾਵੇਂ ਨਹੀਂ ਜਾਂਦਾ ਪਰ ਆਪਣੀ ਹਾਜ਼ਰੀ ਉਹ ਜ਼ਰੂਰ ਲਵਾ ਲੈਂਦੇ ਹਨ।

ਗੁਰੂ ਨਾਨਕ ਦੇ ਸੱਜੇ ਵੱਲ ਭਾਈ ਮਰਦਾਨਾ ਅਤੇ ਖੱਬੇ ਵੱਲ ਭਾਈ ਬਾਲਾ ਜਿਵੇਂ ਗੁਰੂ ਦੀ ਆਪਣੀ ਹੋਂਦ ਦਾ ਹੀ ਵਾਧਾ ਹੋਣ। ਦੋਹਾਂ ਵਿਚਾਰੇ ਬੈਠੇ ਗੁਰੂ ਨਾਨਕ ਦੀ ਸੋਭਾ ਅਤੇ ਪ੍ਰਕਾਸ਼ ਵੱਧ ਜਾਂਦਾ ਹੈ। ਪੁਰਾਤਨ ਸਿੱਖ ਨੇ ਸਦਾ ਇਸੇ ਨੂੰ ਸਵੀਕਾਰ ਕੀਤਾ ਲਗਦਾ ਹੈ। ਉਦਾਹਰਣ ਜਨਮ ਸਾਖੀਆਂ, ਸੱਚਿਤਰ ਜਨਮ ਸਾਖੀਆਂ, ਲਘੂ ਚਿੱਤਰਾਂ, ਕੰਧ ਚਿੱਤਰਾਂ ਦੇ ਰੂਪ ਵਿਚ ਸਾਨੂੰ ਪ੍ਰਾਪਤ ਹਨ। ਇਸ ਸਾਰੀ ਸਮਗੱਰੀ ਤੋਂ ਪਹਿਲਾਂ ਭਾਈ ਗੁਰਦਾਸ ਦੀਆਂ ਵਾਰਾਂ ਹਨ, ਜਿਨ੍ਹਾਂ ਸ਼ਬਦ ਰੂਪ ਵਿਚ ਇਸ ਪਿਰਤ ਨੂੰ ਤੋਰਿਆ ਸੀ। ਏਦਾਂ ਇਹ ਆਪਣੇ ਆਪ ਵਿਚ ਇਕ ਤਾਕਤਵਰ ਸੰਯੁਕਤ ਬਿੰਬ ਬਣ ਚੁੱਕਾ ਸੀ ਜਿਥੇ ਇਕ ਨੂੰ ਦੂਜੇ ਤੋਂ ਵੱਖ ਕਰ ਕੇ ਜਾਣਿਆ ਪਛਾਣਿਆ ਜਾਣਾ ਅਸੰਭਵ ਨਾ ਸਹੀ ਅਧੂਰਾ ਜ਼ਰੂਰ ਸੀ।

ਚਿੱਤਰਕਾਰ ਸੋਭਾ ਸਿੰਘ ਨੇ ਗੁਰੂ ਨਾਨਕ ਦੇ ਜਨਮ ਵੇਲੇ ਦੀ ਇਕੋ ਇਕ ਤਸਵੀਰ ਬਣਾਈ ਹੈ। ਬਾਲ ਨਾਨਕ ਦੇ ਬਚਪਨ ਦੀ ਚਿੱਤਰਕਾਰ ਨੇ ਕੋਈ ਤਸਵੀਰ ਨਹੀ਼ ਬਣਾਈ, ਜਿਸ ਤੋਂ ਕਿਸੇ ਕੌਤਕ ਦੀ ਝਲਕ ਮਿਲੇ। ਆਪਣੇ ਉਪਰ ਲਾਈ ਪਾਬੰਦੀ ਨੂੰ ਉਨ੍ਹਾਂ ਬਾਅਦ ਵਿਚ ਵੀ ਨਹੀ਼ ਤੋੜਿਆ। ਸੋਭਾ ਸਿੰਘ ਦੇ ਗੁਰੂ ਨਾਨਕ ਇਕਦਮ ਵੱਡੇ ਹੋ ਜਾਂਦੇ ਹਨ। ਉਨ੍ਹਾਂ ਦਾ ਇਕ ਚਿੱਤਰ ਪ੍ਰਾਪਤ ਹੈ, ਜਿਥੇ ਉਹ ਪਹਿਲੀ ਉਦਾਸੀ ਲਈ ਆਪਣੇ ਘਰੋਂ ਰਵਾਨਾ ਹੋ ਰਹੇ ਹਨ। ਉਸ ਵੇਲੇ ਉਨ੍ਹਾਂ ਸੰਗ ਭਾਈ ਮਰਦਾਨਾ ਹੈ। ਭਾਈ ਬਾਲਾ ਗ਼ੈਰ ਹਾਜ਼ਰ ਹਨ। ਪਰ ਜਲਦੀ ਹੀ 'ਫੁਲਵਾੜੀ' (1924), ਮਾਸਕ ਸਾਹਿਤ ਪੱਤ੍ਰਕਾ ਵਾਸਤੇ ਸੋਭਾ ਸਿੰਘ ਨੇ ਜੋ ਚਿੱਤਰ ਰਚਿਆ ਉਸ ਉਪਰ ਗੁਰੂ ਨਾਨਕ ਦੇ ਸੱਜੇ ਪਾਸੇ ਵੱਲ ਭਾਈ ਮਰਦਾਨਾ ਹਨ ਅਤੇ ਖੱਬੇ ਪਾਸੇ ਵਲ ਭਾਈ ਬਾਲਾ ਬੈਠੇ ਹੋਏ ਹਨ।

ਗੁਰੂ ਜੀ ਦੇ ਜੀਵਨ ਦਾ ਵੱਡਾ ਸਮਾਂ ਉਦਾਸੀਆਂ ਦੇ ਹਿੱਸੇ ਆਇਆ। ਉਸੇ ਵੇਲੇ ਉਨ੍ਹਾਂ ਨੂੰ ਦੋ ਸ਼ਿਸ਼ਾਂ ਦਾ ਸਾਥ ਮਿਲਿਆ। ਉਨ੍ਹਾਂ ਭ੍ਰਮਣ ਕਰ ਕੇ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਇਆ ਅਤੇ ਵਜਦ ਵਿਚ ਆਇਆਂ ਨੇ 'ਖਸਮ ਕੀ ਬਾਣੀ' ਨੂੰ ਗਾਇਆ ਵੀ।

ਚਿੱਤਰਕਾਰ ਨੇ ਬਾਣੀ ਦੇ ਗਾਏ ਜਾਣ ਵਾਲੀ ਸਥਿਤੀ ਨੂੰ ਉਚਿਤ ਜਾਣਦਿਆਂ ਹੋਇਆਂ ਉਸ ਨੂੰ ਕ੍ਰਮਵਾਰ 1924,1969 ਅਤੇ ਆਖਰੀ ਵਾਰ 1982 ਨੂੰ ਚਿੱਤਰਿਤ ਕੀਤਾ ਹੈ। ਇਹ ਵਿਸ਼ਾ ਹੀ ਐਸਾ ਹੈ ਜਿਸ ਨੂੰ ਅੱਖੋਂ ਵਰੋਖੇ ਨਹੀਂ ਕੀਤਾ ਜਾ ਸਕਦਾ। ਅਵਤਰਿਤ ਹੋ ਰਹੀ 'ਧੁਰ ਕੀ ਬਾਣੀ' ਨੂੰ ਸਾਜ਼ (ਰਬਾਬ) ਦੀ ਧੁਨ ਉਪਰ ਗਾਏ ਜਾਣ ਨਾਲ ਚੌਗਿਰਦੇ ਦਾ ਕੀਲਿਆ ਜਾਣਾ ਇਕ ਅਜਿਹੀ ਕਿਰਿਆ ਹੈ ਜਿਥੇ ਇਕ ਨੂੰ ਦੂਜੇ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ।

ਉਨ੍ਹਾਂ ਜਦ ਵੀ ਇਸ ਵਿਸ਼ੇ ਨੂੰ ਛੇੜਿਆ ਉਹਦੇ ਪੂਰਬਲੇ ਰੂਪ ਵਿਚ ਢੇਰ ਤਬਦੀਲੀ ਲੈ ਆਂਦੀ ਹੈ। ਇਕ ਤੋਂ ਬਾਅਦ ਦੂਜਾ ਚਿੱਤਰ ਬਣਾਉਣ ਵਿਚਾਲੇ ਵਰ੍ਹਿਆਂ ਦਾ ਅੰਤਰਾਲ ਹੈ। ਇਸ ਚਿੱਤਰ ਲੜੀ ਵਿਚ ਨਿਰੰਤਰ ਹੋ ਰਹੀ ਤਬਦੀਲੀ, ਕੀ ਉਨ੍ਹਾਂ ਦੇ ਵਿਚਾਰਾਂ ਵਿਚ ਵਾਪਰ ਰਹੀ ਤਬਦੀਲੀ ਦਾ ਅਕਸ ਹੈ ਜਾਂ ਕੁਝ ਹੋਰ ਕਾਰਨ ਹਨ। ਜਾਂ ਕਿਸੇ ਦਬਾਅ ਜਾਂ ਮੰਗ ਨੇ ਉਨ੍ਹਾਂ ਕੋਲੋਂ ਇਹ ਕੰਮ ਕਰਵਾਇਆ ਹੈ? ਇਹੋ ਜਿਹੇ ਵਿਚਾਰਾਂ ਨੂੰ ਕਿਸੇ ਨਤੀਜੇ ਤਕ ਲੈ ਜਾਣਾ ਬਹੁਤ ਕਠਿਨ ਹੈ ਕਿਉਂਕਿ ਖੁਦ ਚਿਤੇਰੇ ਨੇ ਇਹਦੇ ਬਾਬਤ ਕਿਤੇ ਵੀ ਲਿਖਿਆ ਬੋਲਿਆ ਨਹੀਂ।

ਸੋਭਾ ਸਿੰਘ ਦੇ 1924 ਵਾਲੇ ਚਿੱਤਰ ਨੂੰ ਅਸੀਂ ਆਪਣੇ ਵਿਚਾਰ ਦੀ ਉਸਾਰੀ ਵਾਸਤੇ ਆਧਾਰ ਮੰਨ ਲੈਂਦੇ ਹਾਂ ਕਿਉਂਕਿ ਇਹ ਉਹ ਕੰਮ ਹੈ ਜਿਥੇ ਗੁਰੂ ਨਾਨਕ, ਭਾਈ ਮਰਦਾਨਾ ਅਤੇ ਭਾਈ ਬਾਲਾ ਨਾਲ ਨਾਲ ਹੋਣ ਦੇ ਇਲਾਵਾ ਇਕ ਹੀ ਸਪੇਸ ਨੂੰ ਸਾਂਝਾ ਕਰ ਰਹੇ ਹਨ।

ਗੁਰੂ ਨਾਨਕ ਦੇ ਹਾਜ਼ਰ ਹੋਣ ਦੇ ਬਾਵਜੂਦ ਚਿੱਤਰ ਦਾ ਫਰੇਮ ਆਪਣੇ ਅੰਦਰ ਵਸੀਹ ਜੰਗਲ ਨੂੰ ਸਮੋਈ ਬੈਠਾ ਹੈ। ਪੂਰੇ ਭਰਪੂਰ ਸ਼ਿਸ਼ ਦੇ ਐਨ ਵਿਚਕਾਰ ਵੱਡੇ ਭਾਰੇ ਰੁੱਖ ਦੀਆਂ ਨਿੱਕੀਆਂ ਵੱਡੀਆਂ ਡਾਲਾਂ ਦੂਰ ਤਕ ਫੈਲੀਆਂ ਹੋਈਆਂ ਹਨ। ਇਸੇ ਰੁੱਖ ਥੱਲੇ ਗੁਰੂ ਨਾਨਕ ਨੇ ਆਸਣ ਲਾਇਆ ਹੋਇਆ ਹੈ। ਸੰਜੇ ਪਾਸੇ ਮਰਦਾਨਾ ਆਪਣੇ ਹੱਥ ਰਬਾਬ ਲਈ ਬੈਠੇ ਹਨ ਅਤੇ ਖੱਬੇ ਪਾਸੇ ਵੱਲ ਭਾਈ ਬਾਲਾ ਗੁਰੂ ਜੀ ਨੂੰ ਮੋਰ ਪੰਖਾਂ ਦਾ ਬਣਿਆ ਚਵਰ ਝੁਲਾ ਰਹੇ ਹਨ।

ਚਿੱਤਰ ਕਾਫੀ ਵਿੱਥ ਤੋਂ ਪੇਂਟ ਕੀਤਾ ਹੈ ਅਤੇ ਬਣਾਇਆ ਵੀ ਬਿਲਕੁਲ ਸਾਹਮਣਿਉਂ ਹੈ। ਫੋਟੋਗ੍ਰਾਫੀ ਦੀ ਸ਼ਬਦਾਵਲੀ ਵਰਤਦਿਆਂ ਕਹਿ ਸਕਦੇ ਹਾਂ ਕਿ ਇਹ 'ਲਾਂਗ ਸ਼ਾਟ' ਵਾਲਾ ਦ੍ਰਿਸ਼ ਹੈ। ਗੁਰੂ ਨਾਨਕ ਦਾ ਰੂਪ ਦੋ ਚਸ਼ਮੀ ਹੈ ਜਦਕਿ ਉਨ੍ਹਾਂ ਦੇ ਦੋਵੇਂ ਸ਼ਿਸ਼ਾਂ ਦਾ ਰੂਪ ਇਕ ਚਸ਼ਮੀ ਹੈ।

ਫਰੇਮ ਅੰਦਰ ਵੱਡਾ ਬਿਰਛ ਇਕੋ ਹੈ, ਉਹਦੇ ਜਿਹਾ ਦੂਜਾ ਦੂਰ ਤਕ ਕਿਤੇ ਨਹੀ਼ ਦਿਸਦਾ। ਗੁਰੂ ਜੀ ਦਾ ਆਸਨ ਇਸੇ ਰੁੱਖ ਥੱਲੇ ਵਿਛੇ ਕਪੱੜੇ ਉਪਰ ਹੈ। ਜਦਕਿ ਭਾਈ ਮਰਦਾਨਾ ਅਤੇ ਭਾਈ ਬਾਲਾ ਘਾਹ ਉਪਰ ਹੀ ਬੀਰ ਆਸਨ ਵਿਚ ਬੈਠੇ ਹਨ।

ਤਿੰਨਾਂ ਦੀ ਪੋਸ਼ਾਕ ਇਕ ਦੂਜੇ ਨਹੀਂ ਮਿਲਦੀ, ਉਹ ਵੱਖੋ ਵਖਰੀ ਹੈ। ਪਰ ਤਿੰਨਾਂ ਦਾ ਸੱਜਾ ਹੱਥ ਕਿਸੇ ਨਾ ਕਿਸੇ ਕੰਮ ਵਿਚ ਰੁੱਝਾ ਹੋਇਆ ਹੈ। ਗੁਰੂ ਨਾਨਕ ਦੇ ਹੱਥੀਂ ਮਾਲਾ ਹੈ ਜਦਕਿ ਭਾਈ ਮਰਦਾਨਾ ਉਸ ਹੱਥ ਨਾਲ ਰਬਾਬ ਦੀਆਂ ਤਾਰਾਂ ਛੇੜ ਰਹੇ ਹਨ ਅਤੇ ਭਾਈ ਬਾਲਾ ਚਵਰ ਕਰ ਰਹੇ ਹਨ। ਇਹਦੇ ਇਲਾਵਾ ਤਿੰਨਾਂ ਵਿਚ ਕੋਈ ਹਲਚਲ ਨਹੀਂ, ਨਾ ਬਾਹਰੀ ਅਤੇ ਨਾ ਹੀ ਅੰਦਰਲੀ।

ਸਥਾਨ ਬੀਆਬਾਨ ਹੈ ਅਤੇ ਵਾਤਾਵਰਣ ਸ਼ਾਂਤ। ਹਵਾ ਦੇ ਨਾ ਚੱਲਣ ਕਾਰਨ ਲਗਦਾ ਹੈ ਵਸਤਾਂ ਨੂੰ ਵੱਧ ਸਥਿਰਤਾ ਮਿਲ ਰਹੀ ਹੈ। ਮੂਹਰਲੇ ਭਾਗ ਤੋਂ ਸ਼ੁਰੂ ਹੋ ਕੇ ਚਿੱਤਰ ਦੀ ਡੂੰਘਾਈ ਤਕ ਫੈਲੀ ਪਰਤ ਅਤੇ ਉਹਦੇ ਉਪਰ ਉੱਗੇ ਫੈਲੇ ਪ੍ਰਕਿਰਤਕ ਮੋਟਿਫਾਂ ਵਾਸਤੇ ਵਰਤੇ ਰੰਗ ਦੱਸ ਨਹੀਂ ਪਾਉਂਦੇ ਕਿ ਇਸ ਨੂੰ ਕਿਸ ਵੇਲੇ ਨਾਲ ਜੋੜਿਆ ਜਾਵੇ? ਸਮੁੱਚਾ ਦ੍ਰਿਸ਼, ਧੁੱਪ ਛਾਂ ਦੀ ਤਰਕ ਸੰਗਤ ਵਰਤੋਂ ਤੋਂ ਸੱਖਣਾ ਹੈ। ਕੀ ਇਹ ਅੜਾਉਣੀ ਸਿਰਜਿਤ ਹੈ ਜਾਂ ਕਿ ਆਪ-ਹੁਦਰੀ।

ਚਿੱਤਰਕਾਰ ਖੁਦ ਹੀ ਸੰਕੇਤ ਦੇਂਦਾ ਹੈ ਕਿ ਇਹ ਦ੍ਰਿਸ਼ ਕਿਸ ਵੇਲੇ ਦਾ ਹੈ। ਪ੍ਰਕਿਰਤਕ ਵਸਤਾਂ ਦੇ ਵਿਚਾਲਿਓਂ ਅਸਮਾਨ ਦੀ ਟੁਕੜੀ ਦਿਖਾਈ ਦੇਂਦੀ ਹੈ। ਬੱਦਲਵਾਈ ਲਾਲ ਸੰਧੂਰੀ ਰੰਗ ਜਿਹੀ ਹੈ। ਕਿਆਸ ਕੀਤਾ ਜਾ ਸਕਦਾ ਹੈ ਕਿ ਵੇਲਾ ਸਵੇਰ ਦਾ ਹੈ। ਸੂਰਜ ਨੇ ਆਪਣੇ ਆਉਣ ਦੀ ਖ਼ਬਰ ਇਨ੍ਹਾਂ ਬੱਦਲਾਂ ਰਾਹੀਂ ਦੇ ਦਿੱਤੀ ਹੈ। ਅਨੁਮਾਨ ਲਾ ਸਕਦੇ ਹਾਂ ਕਿ ਇਹ ਸਮਾਂ ਸਾਂਝ ਦਾ ਵੀ ਹੋ ਸਕਦਾ ਹੈ।

ਕੈਨਵਸ ਦੀ ਉਚਾਈ ਦਾ ਲਗਭਗ ਦੋ ਤਿਹਾਈ ਭਾਗ ਜੰਗਲ/ਪ੍ਰਕਿਰਤੀ ਚਿੱਤਰਣ ਹਵਾਲੇ ਹੈ। ਇਸ ਦੇ ਬਾਵਜੂਦ ਇਕ ਤਿਹਾਈ ਵਾਲਾ ਭਾਗ 'ਸਪੇਸ ਨੂੰ ਡਾਮੀਨੇਟ' ਕਰ ਰਿਹਾ ਹੈ। ਚਿੱਤਰ ਦੇਖ ਰਹੇ ਦਰਸ਼ਕ ਦੀ ਦ੍ਰਿਸ਼ਟੀ ਪਹਿਲਾਂ ਮਨੁੱਖੀ ਆਕਾਰ ਉਪਰ ਹੀ ਜਾ ਟਿਕਦੀ ਹੈ। ਕਾਰਨ ਤਿੰਨ ਮਨੁੱਖਾਂ ਦੀ ਕੋਲ ਕੋਲ ਮੌਜੂਦਗੀ ਅਤੇ ਉਨ੍ਹਾਂ ਦੀ 'ਪੌਜ਼ੀਸ਼ਨਿੰਗ' ਹੈ। ਆਪਸੀ ਸਾਂਝ ਹੀ ਹੋਰਨਾਂ ਵਸਤੂਆਂ/ਮੋਟਿਫਾਂ ਉਪਰ ਹਾਵੀ ਹੋਈ ਲਗਦੀ ਹੈ।

ਮਰਦਾਨੇ ਦੀ ਪੱਗ ਬਣਤਰ ਮੁਸਲਿਮ ਤਰੀਕੇ ਵਾਲੀ ਅਤੇ ਸਿਆਹ ਦਾੜ੍ਹੀ ਦਾ ਕਟਾਵ ਮੁਸਲਿਮ ਰਵਾਇਤ ਵਾਲਾ ਹੈ। ਜਦਕਿ ਭਾਈ ਬਾਲਾ ਦੀ ਦਾੜ੍ਹੀ ਪੂਰੀ ਲੰਮੀ ਅਤੇ ਸਿਆਹ ਹੈ। ਖੁਦ ਗੁਰੂ ਦੇ ਸਿਰ ਘੋਟਵੀਂ ਪੱਗ ਹੈ ਅਤੇ ਉਨ੍ਹਾਂ ਦੇ ਭਰਵ੍ਹੇ ਚਿਹਰੇ ਉੱਪਰ ਸਫੈਦ ਦਾੜ੍ਹੀ ਹੈ।

ਸਾਰੀ ਰਚਨਾ ਉਪਰ ਭੂਰੇ ਕਾਲੇ,ਭੂਰੇ ਚਿੱਟੇ ਰੰਗ ਅਤੇ ਉਸ ਦੀਆਂ ਟੋਨਜ਼ ਦਾ ਦਬਦਬਾ ਹੈ। ਇਹ ਨਹੀਂ ਕਿ ਦੂਜੇ ਰੰਗ ਨਹੀਂ ਆਏ। ਭਾਈ ਬਾਲਾ ਅਤੇ ਭਾਈ ਮਰਦਾਨਾ ਦੀ ਪੌਸ਼ਾਕ ਸਫੈਦ ਕਪੜੇ ਦੀ ਹੈ। ਖੁਦ ਗੁਰੂ ਨਾਨਕ ਦਾ ਚੋਲਾ ਭਗਵੇਂ ਰੰਗ ਦੀ ਰੰਗਤ ਵਾਲਾ ਹੈ। ਅਗਲੇਰੇ ਭਾਗ ਦੀ ਰੰਗ ਯੋਜਨਾ ਦੂਰ ਪਿਛੇ ਦਿਸਦੇ ਅਸਮਾਨ ਦੇ ਨਾਲ ਮੇਲ ਖਾਂਦੀ ਹੈ ਜੋ ਸਾਰੀ ਕਿਰਤ ਨੂੰ ਸਾਵਾਂਪੰਨ ਦੇਂਦੀ ਹੈ।

ਚਿੱਤਰਕਾਰ ਨੇ ਆਪਣੇ ਨੁਕਤੇ ਰਾਹੀ਼ ਗੁਰੂ ਨਾਨਕ ਦਾ ਵੱਡਪਨ ਉਭਾਰਿਆ ਹੈ। ਉਨ੍ਹਾਂ ਦਾ ਕਿਰਦਾਰ ਹੀ ਅਜਿਹਾ ਹੈ ਕਿ ਵਸੋਂ ਤੋਂ ਦੂਰ ਵਾਲੀ ਥਾਂ 'ਤੇ ਵੀ ਉਨ੍ਹਾਂ ਨੂੰ ਦੋ ਸਾਥੀਆਂ ਦਾ ਸਾਥ ਅਤੇ ਸਤਿਕਾਰ ਪ੍ਰਾਪਤ ਹੈ।

ਜੰਗਲ ਵਿਚ ਸਿਰਫ ਜੰਗਲ ਦਾ ਰਾਜ ਚਲਦਾ ਹੈ ਵਾਲੀ ਮਿੱਥ ਨੂੰ ਚਿੱਤਰਕਾਰ ਇਸ ਪੇਂਟਿੰਗ ਰਾਹੀ਼ ਤੋੜਨ ਦੇ ਰਾਹ ਉਪਰ ਹਨ। ਜੰਗਲੀ ਪਸ਼ੂਆਂ ਪਰਿੰਦਿਆਂ ਅਤੇ ਮਨੁੱਖਾਂ ਵਿਚਾਲੇ ਇਕ ਅਦਿਸਦੀ ਸਾਂਝ ਛੋਹੀ ਹੈ। ਜਿੱਥੇ ਦੋਹਾਂ ਨੂੰ ਇਕ ਦੂਸਰੇ ਤੋਂ ਕੋਈ ਖ਼ਤਰਾ ਨਹੀਂ। ਤਾਹੀਉਂ ਇਹ, ਇਸ ਦਿਸਦੇ ਸੰਸਾਰ ਤੋਂ ਪਰ੍ਹਾਂ ਰਹਿ ਕੇ ਪ੍ਰਮਾਤਮਾ ਦਾ ਜਸ ਗਾ ਰਹੀ ਹੈ ਅਤੇ

ਦੂਸਰੀ ਧਿਰ ਆਪਣੇ ਕੰਮ ਵਿਚਾਲੇ ਛੱਡ ਆਵਾਜ਼ (ਧੁੰਨ) ਨੂੰ ਸੁਣਨ ਵਾਸਤੇ ਅਟਕੀ ਦੀ ਅਟਕੀ ਰਹਿ ਜਾਂਦੀ ਹੈ ।

ਚਿੱਤਰਕਾਰ ਇਸ ਰਾਹੀਂ ਤਾਕਤਵਰ ਸੰਦੇਸ਼ ਦੇ ਰਿਹਾ ਹੈ ਕਿ ਸ਼ਬਦ (ਬਾਣੀ) ਦਾ ਗਾਇਨ ਵਿਅਕਤੀ ਹੀ ਨਹੀਂ ਬਲਕਿ ਜੰਗਲੀ ਜੀਵ ਜੰਤਾਂ ਦੇ ਸੁਭਾਅ/ਪ੍ਰਕਿਰਤੀ ਨੂੰ ਬਦਲਣ ਦੇ ਸਮਰਥ ਹੈ।

ਜੇ ਜਾਨਵਰਾਂ ਪਾਸ ਦਰਿੰਦਗੀ ਹੈ ਤਾਂ ਗੁਰੂ ਪਾਸ 'ਬਾਣੀ' ਹੈ। ਜੰਗਲ ਵਿਚ ਦਰਿੰਦਗੀ ਹਾਵੀ ਹੁੰਦੀ ਹੈ। ਪਰ ਗੁਰੂ ਨਾਨਕ ਬਿਨ ਭੈਅ ਦੇ ਸ਼ਾਂਤ ਮੁਦਰਾ ਧਾਰਨ ਕਰ ਅਡੋਲ ਬੈਠੇ ਹਨ। ਲੰਮੇ ਅਰਸੇ ਬਾਅਦ 1969 ਵਿਚ ਪੇਂਟਰ ਸੋਭਾ ਸਿੰਘ ਇਸੇ ਵਿਸ਼ੇ ਨੂੰ ਮੁੜ ਛੋਂਹਦੇ ਹਨ ਪਰ ਕਾਫੀ ਬਦਲਾਅ ਨਾਲ। ਬਦਲਾਅ ਏਨਾ ਜ਼ਾਹਰ ਅਤੇ ਜ਼ਿਆਦਾ ਹੈ ਕਿ ਅੱਖਾਂ ਵਾਸਤੇ ਇਕ ਰਚਨਾ ਤੋਂ ਦੂਸਰੀ ਰਚਨਾ ਤਕ ਦਾ ਸਫ਼ਰ ਸਹਿਜ ਨਹੀਂ ਰਹਿੰਦਾ।

ਇਥੇ ਦ੍ਰਿਸ਼ ਦਾ 'ਫੋਕਸ' ਹੀ ਨਹੀਂ ਬਦਲਦਾ ਬਲਕਿ ਫਰੇਮ ਅੰਦਰ ਆਉਣ ਵਾਲੀਆਂ ਸਖਸ਼ੀਅਤਾਂ ਰੰਗ ਰੂਪ, ਡੀਲ ਡੌਲ, ਬੈਠਕ, ਸੰਰਚਨਾ ਵਿਚ ਕਾਫੀ ਬਦਲਾਅ ਵੀ ਆ ਜਾਂਦਾ ਹੈ। ਅਸਲ ਵਿਚ ਇਹ 'ਕਲੋਜ਼ ਅੱਪ' ਤਸਵੀਰ ਹੈ ਜਿਸ ਸਦਕਾ ਪਿਛੋਕੜ (ਜ਼ਿਆਦਾ ਕਰ ਕੇ) ਅਤੇ ਅਗ੍ਰਭੂਮੀ (ਘੱਟ ਕਰ ਕੇ ) ਦੀ ਡੀਟੇਲ ਦੀ ਕੁਰਬਾਨੀ ਦੇ ਦਿੱਤੀ ਗਈ ਹੈ।

ਤਿੰਨਾਂ ਦੇ ਬੈਠਣ ਦੀ ਥਾਂ ਅਬਦਲਵੀਂ ਹੈ, ਪਰ ਭਾਈ ਮਰਦਾਨਾ ਅਤੇ ਭਾਈ ਬਾਲੇ ਦੇ ਬੈਠਣ ਦੇ ਅੰਦਾਜ਼ ਵਿਚ ਤਬਦੀਲੀ ਆਈ ਹੈ। ਓਦਾਂ ਵੀ ਉਹ ਪਹਿਲੀ ਪੇਂਟਿੰਗ ਵਾਂਗ (ਜਿਥੇ ਉਹ ਸਭ ਇਕ ਕਤਾਰ ਵਿਚ ਬੈਠੇ ਹਨ) ਗੁਰੂ ਜੀ ਦੇ ਬਰਾਬਰ ਨਹੀਂ ਬਿਠਾਏ ਗਏ। ਦੋਵੇਂ ਸ਼ਿਸ਼ ਇਸ ਵਾਰ ਗੁਰੂ ਨਾਨਕ ਤੋਂ ਜ਼ਰਾ ਪਿਛਾਂਹ ਵਲ ਨੂੰ ਬੈਠੇ ਹਨ।

ਇਹ ਥਾਂ ਵੀ ਸੁੰਞੀ ਵਸੋਂ ਬਾਹਰੀ, ਜੰਗਲ ਭਰਪੂਰ ਹੈ। ਪਰ ਪੇਂਟਿੰਗ ਫਰੇਮ ਵਿਚ ਇਨ੍ਹਾਂ ਵਸਤਾਂ ਦੀ ਹਾਜ਼ਰੀ ਗ਼ੈਰਜ਼ਰੂਰ ਮੰਨ ਲਈ ਹੈ। ਤਿੰਨੋਂ ਆਕਾਰ ਏਨੇ ਕੋਲ ਕੋਲ ਅਤੇ ਵੱਡੇ ਹਨ ਕਿ ਹੈਰਾਨੀ ਹੁੰਦੀ ਹੈ ਕਿ ਇਹ ਚਿੱਤਰ ਸਵਾਸ ਕਿਵੇਂ ਲੈ ਰਿਹਾ ਹੈ?

ਵੱਡੇ ਰੁੱਖ ਥੱਲੇ ਵਿੱਛੇ ਆਸਨ ਉਪਰ ਗੁਰੂ ਨਾਨਕ ਜੀ ਬਿਰਾਜਮਾਨ ਹਨ। ਉਹ ਵੱਡੇ ਭਾਰੇ ਰੁੱਖ ਥੱਲੇ ਬੈਠੇ ਹੋਏ ਹਨ ਜਿਸ ਦੀ ਭਿਣਕ ਤਣੇ ਤੋਂ ਮਿਲਦੀ ਹੈ। ਦੋਹਾਂ ਵਿਚਾਰੇ ਵੱਡਾ ਗੋਲ ਤਕੀਆ ਹੈ। ਆਸਨ ਅੱਗੇ, ਗੁਰੂ ਜੀ ਦੇ ਸੱਜੇ ਹੱਥ ਫੁੱਲ ਕਮੰਡਲ ਪਿਆ ਹੈ। ਪਹਿਲਾਂ ਇਹ ਖੱਬੇ ਪਾਸੇ ਵਲ ਸੀ। ਅਗਲੇ ਹਿੱਸੇ 'ਤੇ ਕੁਝ ਫੁੱਲ ਖਿੱਲਰੇ ਪਏ ਹਨ। ਇਹੋ ਫੁੱਲ ਉਨ੍ਹਾਂ ਦੇ ਹੱਥ ਵਿਚ ਸੁਸ਼ੋਭਿਤ ਹੈ ਜਦ ਪੂਰਬਲੇ ਚਿੱਤਰ ਵਿਚ ਉਨ੍ਹਾਂ ਦੇ ਹੱਥ ਵਿਚ ਸਿਮਰਨਾ ਸੀ। ਪਿਛੋਕੜ ਵਿਚ ਦੂਰ ਤਕ ਪਸਰੀ ਹਰਿਆਵਲ ਹੈ। ਇਹਦੇ ਬਾਅਦ ਹਲਕੀ ਉਚਾਈ ਵਾਲੀ ਪਹਾੜ ਲੜੀ ਹੈ। ਇਸੇ ਪਹਾੜ ਕਤਾਰ ਦੇ ਉਪਰ ਨੀਲਾ ਅਸਮਾਨ ਫੈਲਿਆ ਦਿਸਦਾ ਹੈ। ਚਿੱਤਰ ਦੇਖ ਕੇ ਚਿਤਰਿਤ ਬਨਸਪਤੀ ਦੀ ਪਛਾਣ ਨਹੀਂ ਹੁੰਦੀ। ਜੇ ਕੁਦਰਤੀ ਮੋਟਿਫ ਬੇਪਛਾਣ ਰਹਿੰਦੇ ਹਨ ਤਾਂ ਇਹ ਵੀ ਪਤਾ ਨਹੀਂ ਚਲਦਾ ਕਿ ਇਸ ਪੇਂਟਿੰਗ ਦਾ ਸਮਾਂ ਸਥਾਨ ਕਿਹੋ ਜਿਹਾ ਹੈ। ਰੰਗ ਵਿਹਾਰ ਹੀ ਅਜਿਹਾ ਹੈ ਕਿ ਸਾਰਾ ਕੁਝ ਪ੍ਰਕਾਸ਼ਿਤ ਹੈ। ਪ੍ਰਸ਼ਨ ਹੈ ਕਿ ਅਜਿਹਾ ਕਿਉਂ? ਕੀ ਗੁਰੂ ਜੀ ਦੀ ਸ਼ਖਸੀਅਤ ਕਰ ਕੇ ਏਦਾਂ ਹੈ ਜਾਂ ਚਿਤੇਰੇ ਨੇ ਹੀ ਏਸ ਰਾਹ ਦੀ ਚੋਣ ਕੀਤੀ ਹੈ, ਆਪਣੀ ਸਹੂਲਤ ਲਈ।

ਗੁਰੂ ਨਾਨਕ ਦਾ ਸੀਸ ਇਸ ਵਾਰ ਵੀ (ਪੂਰਬਲੀ ਰਚਨਾ ਦੇ ਫਰੇਮ ਵਿਚ ਏਦਾਂ ਹੀ ਸੀ) ਸੱਜੇ ਵੱਲ ਨੂੰ ਹਲਕਾ ਝੁਕਿਆ ਹੋਇਆ ਹੈ ਅਤੇ ਉਨ੍ਹਾਂ ਦੇ ਸੀਸ ਉਪੱਰ ਪੀਲੀ ਪੱਗ ਸਜੀ ਹੋਈ ਹੈ। ਗਲ ਪਾਇਆ ਚੋਲਾ ਵੀ ਲਗਭਗ ਇਸੇ ਰੰਗ ਦਾ ਹੈ।

ਭਾਈ ਮਰਦਾਨਾ ਅਤੇ ਭਾਈ ਬਾਲਾ ਦੇ ਗਲ ਸਫੈਦ ਵਸਤਰ ਹਨ। ਭਾਈ ਮਰਦਾਨਾ ਦੇ ਤੇੜ ਭੂਰੇ ਰੰਗ ਦਾ ਵਸਤਰ ਹੈ ਜਦਕਿ ਭਾਈ ਬਾਲਾ ਨੇ ਭੂਰੇ ਰੰਗ ਦੇ ਕਪੜੇ ਦੀ ਬੁੱਕਲ ਮਾਰੀ ਹੋਈ ਹੈ।

ਇਹ ਚਿੱਤਰ ਦੇਖ ਦੋ ਗੱਲਾਂ ਵੱਲ ਧਿਆਨ ਜਾਂਦਾ ਹੈ। ਚਿਤੇਰੇ ਵਾਸਤੇ ਪ੍ਰਕਿਰਤਕ ਵਾਤਾਵਰਣ ਦੀ ਬਜਾਏ ਵਿਅਕਤੀ ਹੁਣ ਪ੍ਰਮੁੱਖ ਹੋ ਗਏ ਹਨ। ਜਿਥੇ ਗੁਰੂ ਜੀ ਆਪਣੇ ਸਾਥੀਆਂ ਸਮੇਤ ਬੈਠੇ ਹਨ, ਉਹ ਥਾਂ ਕੁਦਰਤੀ ਮੋਟਿਫਾਂ ਨਾਲ ਭਰਪੂਰ ਹੈ ਪਰ ਉਨ੍ਹਾਂ ਨੂੰ ਕੈਨਵਸ ਉਪਰ ਕੋਈ ਥਾਂ ਨਹੀਂ ਮਿਲ ਸਕੀ। ਕੁਦਰਤ ਦਰਮਿਆਨ ਰਹਿਣ, ਵਿਚਰਣ ਅਤੇ ਉਸ ਦੀ ਭਰਵੀਂ ਸੋਭਾ ਗਾਉਣ ਵਾਲੀਆਂ ਸ਼ਖਸੀਅਤਾਂ ਖੁਦ ਹੀ ਕੁਦਰਤ ਦੇ ਮੋਟਿਫਾਂ ਉਪਰ ਹਾਵੀ ਹੋ ਗਈਆਂ ਹਨ। ਕਾਰਨ ਚਿਤੇਰਾ

ਇਨ੍ਹਾਂ  ਤੈਹਾਂ ਨੂੰ ਨੇੜੇ ਹੋ ਦੇਖਣਾ, ਦਿਖਾਉਣਾ ਚਾਹੁੰਦਾ ਹੈ। ਇਹ ਆਪਣੇ ਆਪ ਵਿਚ ਓਦਾਂ ਉਹ ਸਫ਼ਰ ਹੈ ਜੋ ਇਥੇ ਹੀ ਨਹੀਂ ਰੁਕਦਾ, ਇਥੋਂ ਅਗਾਂਹ ਵੀ ਜਾਂਦਾ ਹੈ।

ਗੁਰੂ ਜੀ ਦੇ ਖੱਬੇ ਵਾਲੇ ਪਾਸੇ ਕਪੱੜੇ ਅੰਦਰ ਲਿਪਟੀ ਕੋਈ ਵਸਤੂ ਹੈ। ਸੰਭਵ ਹੈ ਇਹ ਪੋਥੀ ਹੈ ਜਿਸ ਦੇ ਪੰਨਿਆਂ ਉਪਰ ਗੁਰੂ ਦੀ ਆਪਣੀ ਅਤੇ ਯਾਤਰਾ ਦੌਰਾਨ ਮਿਲੇ ਦੂਸਰੇ ਸਾਧੂ ਸੰਤਾਂ ਦੀ ਬਾਣੀ ਨੂੰ ਸਾਂਭਦੇ ਰਹਿੰਦੇ ਸਨ।ਆਪਣੀਆਂ ਉਦਾਸੀਆਂ ਵੇਲੇ ਇਸ ਪੋਥੀ ਨੂੰ ਉਨਾਂ ਨੇ ਸਦਾ ਆਪਣੇ ਕੋਲ ਹੀ ਰਖਿਆ। ਇਸ ਦੀ ਪੁਸ਼ਟੀ ਭਾਈ ਗੁਰਦਾਸ ਦੀ ਬਾਣੀ ਤੋਂ ਸਹਜਿ ਹੋ ਜਾਂਦੀ ਹੈ।

ਇਸ ਵਿਸ਼ੇ ਨੂੰ ਸੋਭਾ ਸਿੰਘ ਨੇ 1982 ਵਿਚ ਫੇਰ ਦੁਹਰਾਇਆ। ਖੜੇ ਰੁਖ ਕੈਨਵਸ ਉਪਰ ਗੁਰੂ ਨਾਨਕ ਦੀ ਵੱਡੀ ਛੱਬ ਹੈ। ਉਹ ਆਪਣੇ ਪੂਰੇ ਜਾਹੋ ਜਲਾਲ ਨਾਲ ਹਾਜ਼ਰ ਹਨ। ਉਨ੍ਹਾਂ ਸਿਰ ਸਫੈਦ ਪੱਗ, ਗਲ ਪੀਲਾ ਚੋਲਾ ਅਤੇ ਮੋਢਿਆਂ ਉਪਰ ਮਟਮੈਲੀ ਰੰਗ ਦੀ ਲੋਈ/ਚਾਦਰ/ਕੱਪੜਾ ਹੈ। ਇਹ ਇਕੋ ਇਕ ਅਜਿਹੀ ਵਸਤ ਹੈ ਜੋ ਤਿੰਨਾ ਤਸਵੀਰਾਂ ਵਿਚ ਲਗਭਗ ਰਲਦੀ ਮਿਲਦੀ ਚਲੀ ਆ ਰਹੀ ਹੈ।

ਪਹਿਲੀ ਕਿਰਤ ਤੋਂ ਦੂਜੀ ਕਿਰਤ ਤਕ ਪੁੱਜਦਿਆਂ ਜੇ ਸਰੀਰਾਂ ਦੀ ਡਾਮਿਨੇਂਸ ਵਧੀ ਹੈ ਤਾਂ ਉਹ ਇਕਸਾਰ ਬਰਾਬਰ ਰਹੀ ਹੈ। ਕੋਈ ਆਕਾਰ ਗੁਰੂ ਜਾਂ ਲਘੂ ਨਹੀਂ ਹੈ। ਪਰ ਵਿਸ਼ੇ ਤੇ ਤੀਜੇ ਰੂਪ ਤਕ ਪਹੁੰਚਦਿਆਂ ਕ੍ਰਾਂਤੀਕਾਰੀ ਪਰਿਵਰਤਨ ਹੁੰਦਾ ਹੈ ਜਿਥੇ ਗੁਰੂ ਨਾਨਕ ਰੂਪ ਪੂਰੇ ਕੈਨਵਸ ਉਪਰ ਫੈਲਿਆ ਹੋਇਆ ਹੈ। ਜਦ ਕਿ ਬਹੁਤ ਨਿੱਕੇ ਰੂਪ ਵਿਚ ਸੱਜੇ ਪਾਸੇ ਵੱਲ ਭਾਈ ਮਰਦਾਨਾ ਅਤੇ ਖੱਬੇ ਪਾਸੇ ਵੱਲ ਭਾਈ ਬਾਲਾ ਹਨ।

ਗੁਰੂ ਨਾਨਕ ਦਾ ਚਿਹਰਾ ਪੂਰਬਲੀਆਂ ਕਿਰਤਾਂ ਦੇ ਮੁਕਾਬਲੇ ਇਸ ਵਾਰ ਸੱਜੇ ਪਾਸੇ ਵੱਲ ਨੂੰ ਝੁਕਿਆ ਹੋਇਆ ਨਹੀਂ ਬਲਕਿ ਉਸ ਦਿਸ਼ਾ ਵੱਲ ਘੁੰਮਿਆ ਹੋਇਆ ਹੈ। ਪੂਰਾ ਸਰੀਰ ਤਣਿਆ ਹੋਇਆ ਹੈ। ਚਿਹਰਾ ਵੱਡਾ ਹੋਣ ਸਦਕਾ ਉਸ ਦੇ ਨਿੱਕੇ ਬਰੀਕ ਵੇਰਵਿਆਂ ਨੂੰ ਚੰਗੀ ਤਰ੍ਹਾਂ ਨਜਿੱਠਿਆ ਹੈ। ਪਹਿਲੇ ਦੂਰ ਦੇ ਦੋਹਾਂ ਚਿੱਤਰਾਂ ਵਿਚ ਇਹ ਗੁਣ ਲੱਛਣ ਦਿਖਾਈ ਨਹੀਂ ਦੇਂਦੇ।

1982 ਵਾਲੀ ਪੇਂਟਿੰਗ ਦੇ ਆਕਾਰ ਦੇ ਥੱਲੜੇ ਸੱਜੇ ਖੱਬੇ ਕੋਨਿਆਂ ਵਿਚ ਭਾਈ ਮਰਦਾਨਾ ਅਤੇ ਭਾਈ ਬਾਲਾ ਦੀ ਉਪਸਥਿਤੀ ਹੈ। ਦੋਹਾਂ ਦੇ ਬੈਠਣ ਦਾ ਅੰਦਾਜ਼ ਹੁਣ ਬਦਲਿਆ ਹੋਇਆ ਹੈ। ਮਰਦਾਨਾ ਵਜਰ ਆਸਨ ਵਿਚ ਬੈਠੇ ਰਬਾਬ ਵਜਾ ਰਹੇ ਹਨ ਜਦਕਿ ਭਾਈ ਬਾਲਾ ਸਹਿਜ ਆਸਨ ਵਿਚ ਅੱਖਾਂ ਬੰਦ ਕਰੀ ਸਮਾਧੀ ਲੀਨ ਹਨ।

ਇਥੇ ਗੁਰੂ ਨਾਨਕ ਰੂਪ ਡਾਮੀਨੇਟਿੰਗ ਹੈ ਜਦਕਿ ਉਨ੍ਹਾਂ ਦੇ ਦੋਵੇਂ ਸ਼ਿਸ਼ ਉਨ੍ਹਾਂ ਦੇ ਬਰਾਬਰ, ਉਨ੍ਹਾਂ ਦੇ ਨਾਲ ਬੈਠੇ ਹੋਏ ਨਹੀਂ। ਇਹ ਪੇਂਟਰ ਦੀ ਕਲਪਨਾ ਉਡਾਰੀ ਦਾ ਸਬੂਤ ਤਾਂ ਹੈ ਪਰ ਚਲੀ ਆ ਰਹੀ ਚਿੱਤਰ (ਲਘੂ ਅਤੇ ਕੰਧ ਚਿੱਤਰ) ਪਰੰਪਰਾ ਦਾ ਅਨੁਸਰਨ ਨਾ ਕਰ ਉਸ ਉਪਰ ਠੋਕਵੀਂ ਸੱਟ ਵੀ ਮਾਰੀ ਹੈ। ਕੀ ਚਿੱਤਰਕਾਰ ਤੈਹਾਂ ਦੀ ਛੱਬ ਉਲੀਕਣ ਦੇ ਇਲਾਵਾ ਕੁਝ ਹੋਰ ਵੀ ਕਹਿਣਾ ਚਾਹੁੰਦਾ ਹੈ। ਅਸੀਂ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਆਪਣੇ ਹੀ ਪੂਰਨਿਆਂ ਉਤੇ ਖੁਦ ਨੂੰ ਨਹੀਂ ਤੋਰਿਆ। ਹਰ ਨਵੀਂ ਪੇਂਟਿੰਗ ਦਾ ਵਿਸ਼ਾ ਵਸਤੂ ਭਾਵੇਂ ਇਕੋ ਹੈ ਪਰ ਉਸ ਦਾ ਨਿਭਾਅ ਵੱਖਰਾ ਹੈ।

ਦੇਖਣ ਵਾਲੇ ਨੂੰ ਇਹ ਚਿੱਤਰ ਹੈਰਾਨ ਵੀ ਕਰਦਾ ਹੈ। ਕਿਉਂਕਿ ਗੁਰੂ ਨਾਨਕ ਦਾ ਧੜ ਹੀ ਹੈ, ਏਸ ਕਰ ਕੇ ਹੱਥਾਂ ਦੀ ਮੌਜੂਦਗੀ ਨਾ ਹੋਣ ਸਦਕਾ ਉਨ੍ਹਾਂ ਦੇ ਸੱਜੇ ਹੱਥ ਸਿਮਰਨਾ ਨਹੀਂ ਹੈ। ਭਾਈ ਮਰਦਾਨਾ ਪਹਿਲਾਂ ਨਾਲੋਂ ਕਿਤੇ ਵੱਧ ਆਪਣੇ ਮੁਸਲਿਮ ਰੂਪ ਵਿਚ ਪੇਸ਼ ਹੋਏ ਹਨ। ਸਿਰ ਮੁਲਗਈ ਪੱਗ, ਖੱਤਦਾਰ ਦਾੜ੍ਹੀ, ਗਲ ਦੁਆਲੇ ਹਰੇ ਰੰਗ ਦਾ ਪਰਨਾ ਇਸ ਦਾ ਉਦਾਹਰਣ ਹੈ। ਦੂਜੇ ਪਾਸੇ ਭਾਈ ਬਾਲਾ ਪਹਿਲਾਂ ਨਾਲੋਂ ਕਿਤੇ ਵੱਧ ਸਿੱਖ ਸਰੂਪ (ਜੋ ਗੁਰੂ ਨਾਨਕ ਸਰੂਪ ਦੇ ਨਾਲ ਮਿਲਦਾ ਜੁਲਦਾ ਹੈ। ਵਾਲੇ ਹਨ। ਇਸ ਵਾਰ ਚਿੱਤਰਕਾਰ ਨੇ ਉਨ੍ਹਾਂ ਨੂੰ ਚਵਰ ਸੇਵਾ ਤੋਂ ਮੁਕਤ ਕਰ ਦਿੱਤਾ ਹੈ। ਓਦਾਂ ਵੀ ਬਣੀ ਹੋਈ ਸਥਿਤੀ ਚਵਰ ਸੇਵਾ ਨੂੰ ਬੇਮਾਅਨੀ ਕਰ ਦਿੰਦੀ ਹੈ। ਇਹ ਕੰਮ ਤਾਂ ਭਾਈ ਬਾਲਾ ਦੀ ਪਛਾਣ ਬਣਿਆ ਹੋਇਆ ਸੀ। ਇਸ ਚਿੱਤਰ ਵਿਚ ਸਮਾਧੀ ਲੀਨ ਹੋਏ ਕਿਸ ਨੂੰ ਧਿਆ ਰਹੇ ਹਨ ਗੁਰੂ ਨਾਨਕ ਨੂੰ ਜਾਂ ਪਰਮ ਪ੍ਰਮਾਤਮਾ ਨੂੰ।

ਦੋਹਾਂ ਸ਼ਿਸ਼ਾਂ ਦੇ ਨੇਤਰ ਬੰਦ ਹਨ। ਕੀ ਮਰਦਾਨਾ ਗਾ ਰਿਹਾ ਹੈ? ਨਹੀਂ ਉਸ ਦੇ ਬੁਲ੍ਹ ਇਕ ਦੂਜੇ ਨਾਲ ਜੁੜੇ ਹੋਏ

ਹਨ। ਇਸ ਦੇ ਬਾਵਜੂਦ ਗਜ ਰਬਾਬ ਉਪਰ ਫੇਰਿਆ ਜਾ ਰਿਹਾ ਹੈ।

ਅੰਤਲੇ ਦੋ ਚਿੱਤਰਾਂ ਦੇ ਮੁਕਾਬਲੇ 1924 ਵਾਲਾ ਦ੍ਰਿਸ਼ ਜ਼ਿਆਦਾ ਜੀਵਤ ਹੈ। ਬਹੁਤ ਧਿਆਨ ਨਾਲ ਦੇਖਣ ਬਾਅਦ ਜਾਨਿਆ ਜਾ ਸਕਦਾ ਹੈ ਕਿ ਮਰਦਾਨੇ ਦਾ ਮੂੰਹ ਬੰਦ ਅਵਸਥਾ ਵਿਚ ਨਹੀਂ।

ਖੁਦ ਗੁਰੂ ਨਾਨਕ ਦੀਆਂ ਅੱਖਾਂ ਮਖਮੂਰ ਹਨ, ਚੜ੍ਹੀਆਂ ਹੋਈਆਂ ਹਨ। ਜਿਵੇਂ ਕਿਸੇ ਅਦਿਸਦੀ ਸ਼ੈਅ ਨੂੰ ਦੇਖ ਰਹੀਆਂ ਹਨ।

1924 ਦਾ ਚਿੱਤਰ ਰਲੇ ਮਿਲੇ ਚਿੱਤਰ ਸੱਭਿਆਚਾਰ ਦਾ ਨਮੂਨਾ ਹੈ ਜੋ ਕੌਮ ਦੀ 'ਕਲੋਜ਼ ਸਟੱਡੀ' ਉਪਰੰਤ ਜਾਨਿਆ ਜਾ ਸਕਦਾ ਹੈ। ਇਸ ਵਾਸਤੇ ਇਕੋ ਇਕ ਉਦਾਹਰਣ ਹਿਤਕਾਰੀ ਹੈ। ਤਿੰਨਾਂ ਅਕਾਰਾਂ ਦੇ ਸਿਰ ਕੱਜੇ ਹੋਏ ਹਨ, ਪਰ ਕਿਸੇ ਇਕ ਦਾ ਕੱਜਣ ਢੰਗ ਦੂਜੇ ਜਿਹਾ ਨਹੀਂ। ਏਦਾਂ ਕਰ ਕੇ ਚਿੱਤਰਕਾਰ ਭਿੰਨਤਾ ਨੂੰ ਸਮਝ ਹੀ ਨਹੀਂ ਰਿਹਾ ਬਲਕਿ ਦਿਖਾ ਵੀ ਰਿਹਾ ਹੈ। ਇਹ ਸੂਝ ਹਰ ਚਿਤੇਰੇ ਪਾਸ ਨਹੀਂ ਹੁੰਦੀ।

ਕਿਉਂਕਿ ਤਿੰਨਾਂ ਚਿੱਤਰਾਂ ਦਾ ਸਮਾਂ ਪਸਾਰ 1924 ਤੋਂ 1982 ਤਕ ਦਾ ਹੈ, ਲਗਭਗ ਦੋ ਪੀੜ੍ਹੀਆਂ ਦਾ। ਚਿੱਤਰ ਰਚਨਾ ਕਾਲ ਦੇ ਸਾਹਮਣੇ ਵਾਲੀ ਸਮਾਜਕ, ਰਾਜਨੀਤਕ, ਆਰਥਕ ਸਥਿਤੀ ਵਲ ਝਾਤੀ ਮਾਰਨ ਬਾਅਦ ਜੇ ਪਰਤਵੀਂ ਦ੍ਰਿਸ਼ਟੀ ਨਾਲ ਇਨ੍ਹਾਂ ਪੇਂਟਿੰਗਾਂ ਨੂੰ ਦੇਖੀਏ ਤਾਂ ਕੀ ਕੈਨਵਸ ਉਪਰ ਹੋਣ ਵਾਲੇ ਬਦਲਾਅ ਨੂੰ ਆਪਸ ਵਿਚ ਜੋੜਿਆ ਜਾ ਸਕਦਾ ਹੈ?

(ਬਾਅਦ ਵਾਲੇ ਚਿਤਰਾਂ ਵਿਚ ਸੋਭਾ ਸਿੰਘ ਨੇ ਕੇਵਲ ਗੁਰੂ ਨਾਨਕ ਜੀ ਨੂੰ ਹੀ ਚਿਤਰਿਆ। ਭਾਈ ਮਰਦਾਨਾ ਅਤੇ ਭਾਈ ਬਾਲਾ ਨੂੰ ਗਾਇਬ ਹੀ ਕਰ ਦਿੱਤਾ)

ਸਿੱਖ ਨੂੰ ਗੁਰੂ ਤੋਂ ਦੂਰ ਕਿਉਂ ਕੀਤਾ ਗਿਆ। ਇਹ ਚਾਹੇ ਰੂਪ ਪੱਧਰ 'ਤੇ ਹੋਇਆ ਹੈ ਤਤਕਾਲੀ ਰੂਪ ਪ੍ਰਬੰਧ ਨੂੰ ਚਿੱਤਰਕਾਰ ਸੋਭਾ ਸਿੰਘ ਉਸੇ ਰੂਪ ਵਿਚ ਸਵੀਕਾਰ ਨਹੀ਼ ਕਰਦੇ। ਉਸ ਨੂੰ ਸਮਕਾਲੀਲਤਾ ਦਾ ਜਾਮਾ ਪੁਆ ਕੇ ਉਸ ਨੂੰ ਵਧੇਰੇ ਮੰਨਣਯੋਗ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਇਕ ਚੀੜ੍ਹਾ ਵਿਚਾਰ ਹੈ ਜਿਸ ਦੇ ਪੱਖ ਵਿਪੱਖ ਵਿਚ ਕਿਹਾ, ਲਿਖਿਆ ਜਾ ਸਕਦਾ ਹੈ।

ਇਨਾਂ ਚਿੱਤਰਾਂ ਦੇ ਆਧਾਰ 'ਤੇ ਸਾਹਮਣੇ ਆਈ ਤਰੁੱਟੀ ਵਲ ਵੀ ਸਾਡਾ ਧਿਆਨ ਜਾਂਦਾ ਹੈ। ਇਹ ਬਦਲਾਅ ਕਿਵੇਂ ਹੋਇਆ, ਸਮਝ ਨਹੀਂ ਪੈਂਦਾ। ਗੁਰੂ ਨਾਨਕ ਨਾਲ ਜੇ ਭਾਈ ਮਰਦਾਨਾ ਅਤੇ ਭਾਈ ਬਾਲਾ ਹਨ ਤਾਂ ਇਨ੍ਹਾਂ ਨੂੰ ਆਪਸ ਵਿਚ ਜੋੜੀ ਰੱਖਣ ਵਾਲਾ ਤੱਤ ਸਾਜ ਰਬਾਬ ਹੈ। ਗੁਰੂ ਵਲੋਂ ਜਦ ਵੀ ਬਾਣੀ ਗਾਈ ਸੁਣੀ ਜਾਂਦੀ ਹੈ ਤਾਂ ਰਬਾਬ ਦਾ ਹੀ ਆਸਰਾ ਲਿਆ ਗਿਆ ਹੈ।

ਸੋਭਾ ਸਿੰਘ ਨੇ ਇਸ ਤ੍ਰੈ ਲੜੀ ਚਿੱਤਰਾਂ ਵਿਚ ਰਬਾਬ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਹੈ। ਇਹ ਸਾਜ ਭਾਈ ਮਰਦਾਨੇ ਦੇ ਹੱਥੀਂ ਹੈ ਅਤੇ ਉਹ ਵੀ ਵਜਾਏ ਜਾਣ ਦੀ ਮੁਦਰਾ ਵਿਚ। ਇਹ ਤੰਤੀ ਸਾਜ ਹੈ ਜਿਸ ਨੂੰ ਟੁਣਕਾ ਕੇ ਆਵਾਜ਼ ਪ੍ਰਾਪਤ ਕੀਤੀ ਜਾਂਦੀ ਹੈ। ਖਿੱਚੀਆਂ ਤਾਰਾਂ ਨੂੰ ਉਂਗਲਾਂ ਨਾਲ ਛੋਹ/ਛੇੜ ਕੇ ਇੱਛਤ ਸਵਰ (ਆਵਾਜ/ਸੁਰ) ਕੱਢੇ ਜਾਂਦੇ । ਸੋਭਾ ਸਿੰਘ ਨੇ 1924 ਅਤੇ 1969 ਵੇਲੇ ਦੇ ਚਿੱਤਰਾਂ ਵਿਚ ਤਾਂ ਰਬਾਬ ਦੀ ਬਜਾਏ ਸਰੰਦੇ ਨੂੰ ਭਾਈ ਮਰਦਾਨੇ ਹੱਥ ਫੜਾ ਦਿੱਤਾ ਹੈ, ਜਿਸ ਨੂੰ ਉਂਗਲਾਂ ਦੀ ਬਜਾਏ ਗਜ ਨਾਲ ਵਜਾਏ ਜਾਣ ਵਾਲੇ ਦੀ ਪਰੰਪਰਾ ਹੈ। ਇਤਿਹਾਸਕ ਪੱਖੋਂ ਸਰੰਦੇ ਦੀ ਆਮਦ ਗੁਰੂ ਨਾਨਕ ਦੇ ਬਹੁਤ ਬਾਅਦ ਦੀ ਹੈ।

ਮੋਬਾਇਲ : 09899091186


**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,**
**ਨਵੀਂ ਦਿੱਲੀ 110 060 ਫੋਨ : 25862955**

# ਰਾਮ ਕਵੱਚ : ਰਾਮ ਕਵੱਚ ਦਾਸ ਕਾ ਸੰਨਾਹੁ

(ਗੌਂਡ ਮ : 4 ਪੰਨਾ ੮੬)

ਕਵੱਚ ਅਤੇ ਸੰਨਾਹੁ ਦੋ ਲਫ਼ਜ, ਇਸ ਪੰਗਤੀ ਵਿਚ ਆਏ ਹਨ ਸੋ ਪਹਿਲੇ ਇਸ ਦੇ ਸੰਬੰਧ ਵਿਚ ਵੀਚਾਰ ਕਰ ਲਈਏ, ਕਿ ਕਵੱਚ ਅਤੇ ਸੰਨਾਹੁ ਕੀ ਵਸਤੂ ਹੈ

"ਵਾਸਤਵ ਵਿਚ ਇਹ ਇਕ ਹੀ ਚੀਜ਼ ਦੇ ਦੋ ਨਾਮ ਹਨ। ਕਵੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਅਤੇ ਇੰਗਲਿਸ਼ ਵਿਚ ਕਵਰ ਆਖਦੇ ਹਨ ਅਤੇ ਉੜਦੂ ਤੇ ਪੰਜਾਬੀ ਵਿਚ ਸੰਜੋਹ ਜਾ ਸੰਨਾਹੁ ਕਹਿੰਦੇ ਹਨ"

ਜਦੋਂ ਹੱਥ ਦੀਆਂ ਜੰਗਾਂ ਲੜੀਆਂ ਜਾਂਦੀਆਂ ਸਨ, ਤਲਵਾਰਾਂ, ਬਰਛੇ ਅਤੇ ਨੇਜ਼ਿਆਂ ਨਾਲ ਅਤੇ ਤੀਰ ਕਮਾਨਾਂ ਦੇ ਨਾਲ, ਅਤੇ ਐਸੇ ਹੋਰ ਸ਼ਸ਼ਤਰਾਂ ਨਾਲ, ਤਾਂ ਉਦੋਂ ਆਪਣੀ ਸੁਰੱਖਿਆ ਲਈ ਸੂਰਮੇ ਯੋਧੇ, ਸਿਪਾਹੀ ਢਾਲ ਦੀ ਵਰਤੋਂ ਕਰਦੇ ਸਨ। ਅਤੇ ਇਕ ਲੋਹੇ ਦੀ ਤਾਰਾਂ ਦਾ ਜਾਲ ਦਾ ਪੂਰਾ ਵਸਤਰ ਬਣਿਆ ਹੋਇਆ ਹੁੰਦਾ ਸੀ,ਜੋ ਕੇ ਮਨੁੱਖ ਦੇ ਸਰੀਰ ਨੂੰ ਸਿਰ ਤੋਂ ਪੈਰਾਂ ਤਕ ਪੂਰਾ ਢਕ ਲੈਂਦਾ ਸੀ। ਉਸ ਵਸਤਰ ਤੇ ਕਿਸੇ ਸ਼ਸ਼ਤਰ ਦਾ ਵਾਰ ਅਸਰ ਨਹੀਂ ਸੀ ਕਰਦਾ, ਉਸ ਨੂੰ ਸੰਜੋਹ ਕਹਿੰਦੇ ਸਨ। ਅਤੇ ਸੰਜੋਹੁ ਨੂੰ ਹੀ ਗੁਰਬਾਣੀ ਵਿਚ ਸੰਨਾਹੁ ਕਿਹਾ ਹੈ ਅਤੇ ਦੂਜਾ ਨਾਮ ਇਸ ਦਾ ਕਵੱਚ ਹੈ।

ਮਹਾਂ ਭਾਰਤ ਦੀ ਇਕ ਸਾਖ਼ੀ ਹੈ, ਕਿ ਪਾਂਡਵਾਂ ਦਾ ਵੱਡਾ ਭਰਾ ਕਰਣ ਸੀ, ਜੋ ਸੂਰਜ ਪੁੱਤਰ ਸੀ ਤੇ ਮੰਨਿਆਂ ਜਾਂਦਾ ਸੀ। ਇਹ ਰਾਜਾ ਕਰਨ ਜਿਸ ਦੇ ਨਾਮ ਤੇ ਕਰਨਾਲ ਸ਼ਹਿਰ ਵਸਿਆ ਹੋਇਆ ਹੈ, ਇਹ ਬਹੁਤ ਹੀ ਦਾਨਵੀਰ ਸੀ, ਪੁੰਨ ਦਾਨ ਕਰਨ ਵਾਲਾ ਵਿਅਕਤੀ ਸੀ, ਇਤਿਹਾਸ ਵਿਚ ਲਿਖਿਆ ਹੈ, ਕੇ ਘਟ ਤੋਂ ਘਟ ਸਵਾ ਮਣ ਸੋਨਾਂ, ਇਹ ਰੋਜ਼ ਦਾਨ ਕਰਕੇ ਤਾਂ ਅੰਨ ਜਲ ਗ੍ਰਹਿਣ ਕਰਦਾ ਸੀ ਅਤੇ ਰੋਜ਼ਾਨਾ ਸਵੇਰੇ ਜੋ ਵੀ ਵਿਅਕਤੀ, ਜਾਂ ਜੋ ਵੀ ਅਤਿਥੀ ਸਭ ਤੋਂ ਪਹਿਲੇ ਸਾਹਮਣੇ ਆ ਜਾਵੇ, ਉਹ ਜੋ ਵੀ ਮੰਗੇ, ਰਾਜਾ ਕਰਨ ਉਸ ਦੀ ਹਰ ਮੰਗ ਪੂਰੀ ਕਰਦਾ ਸੀ।

ਕਿਉਂਕਿ ਇਹ ਸੂਰਜ ਦਾ ਪੁੱਤਰ ਸੀ, ਤੇ ਮਹਾਂਭਾਰਤ ਗ੍ਰੰਥ ਵਿਚ ਇਹ ਲਿਖਿਆ ਹੋਇਆ ਹੈ, ਕੇ ਸੂਰਜ ਦੇਵ ਨੇ ਆਪਣੇ ਪੁੱਤਰ ਦੀ ਸੁਰੱਖਿਆ ਲਈ, ਉਸ ਨੂੰ ਇਕ ਕਵੱਚ ਪਹਿਨਾ ਰਖਿਆ ਸੀ ਜੋ ਕਿ ਕਰਨ ਦੇ ਸਰੀਰ ਤੇ ਦੋਹਰੀ ਚਮੜੀ ਦੇ ਰੂਪ ਵਿਚ ਸੀ, ਇਸ ਕਵੱਚ ਦੇ ਕਾਰਨ ਕਰਨ ਤੇ ਕਿਸੇ ਵੀ ਸ਼ਸ਼ਤਰ ਦਾ ਅਸਰ ਨਹੀਂ ਸੀ ਹੁੰਦਾ।

ਜਦੋਂ ਮਹਾਂਭਾਰਤ ਦੀ ਜੰਗ ਹੋ ਰਹੀ ਸੀ , ਤਾਂ ਕਰਨ ਕੌਰਵਾਂ ਵਲੋਂ ਹੋ ਕੇ ਪਾਂਡਵਾਂ ਖਿਲਾਫ ਲੜ ਰਿਹਾ ਸੀ, ਕਰਨ ਬਹੁਤ ਬਹਾਦਰ ਵੀ ਸੀ, ਤੇ ਪਾਂਡਵਾਂ ਦੀ ਕਾਫੀ ਸੈਨਾ ਦਾ ਇਸ ਨੇ ਨਾਸ ਕਰ ਦਿੱਤਾ ਸੀ, ਪਰ ਕਰਣ ਤੇ ਕਿਸੇ ਵੀ ਸ਼ਸ਼ਤਰ ਦਾ ਅਸਰ ਨਹੀਂ ਸੀ ਹੋ ਰਿਹਾ। ਉਸ ਸਮੇਂ ਅਰਜਨ ਨੇ, ਸ੍ਰੀ ਕ੍ਰਿਸ਼ਨ ਜੀ ਨੂੰ ਪੁਛਿੱਆ, ਕਿ ਹੇ ਭਗਵਨ, ਮੇਰੇ ਕਿਸੇ ਵੀ ਸ਼ਸ਼ਤਰ ਅਸਤਰ ਦਾ ਅਸਰ ਕਰਣ ਤੇ ਨਹੀਂ ਸੀ ਹੋ ਰਿਹਾ, ਕਰਣ ਨੇ ਸਾਡੀ ਸੈਨਾ ਦਾ ਬਹੁਤ ਨੁਕਸਾਨ ਕੀਤਾ ਹੈ, ਪਰ ਸਾਡੇ ਸ਼ਸ਼ਤਰਾਂ ਦਾ ਉਸ ਤੇ ਕੋਈ ਅਸਰ ਨਹੀਂ ਹੋ ਰਿਹਾ। ਤਾਂ ਸ੍ਰੀ ਕ੍ਰਿਸ਼ਨ ਨੇ ਕਿਹਾ, ਕਿ ਕਰਨ ਦੇ ਉਪਰ ਸੂਰਜ ਦੇਵ ਦਾ ਦਿੱਤਾ ਹੋਇਆ ਸੁਰੱਖਿਆ ਕਵੱਚ ਹੈ, ਇਸ ਲਈ ਉਸ ਤੇ ਕਿਸੇ ਵੀ ਸ਼ਸ਼ਤਰ ਦਾ ਅਸਰ ਨਹੀਂ ਹੋ ਸਕਦਾ, ਤਾਂ ਅਰਜਨ ਨੇ ਕਿਹਾ, ਕਿ ਪ੍ਰਭੂ ਇਸ ਦਾ ਕੋਈ ਉਪਾਏ ਕਰੋ, ਨਹੀਂ ਤਾਂ ਸਾਡਾ ਬਹੁਤ ਨੁਕਸਾਨ ਹੋਏਗਾ ਤਾਂ ਭਗਵਾਨ ਕ੍ਰਿਸ਼ਨ ਨੇ ਅਗਲੇ ਦਿਨ, ਇਹ ਸੋਚ ਕੇ, ਅਰਜਨ ਦੀ ਮਦਦ ਕਰਨੀ ਹੈ, ਇਸ ਲਈ ਸਵੇਰੇ ਤੜਕੇ ਹੀ ਬ੍ਰਾਹਮਣ ਦਾ ਰੂਪ ਧਾਰ ਕੇ, ਮੰਗਤਾ ਬਣ ਕੇ, ਕਰਣ ਦੇ ਦਰਵਾਜੇ ਤੇ ਪਹੁੰਚ ਗਏ ਅਤੇ ਮੰਗਤਾ ਬਣ ਕੇ ਜਾ ਅਲਖ ਲਗਾਈ। ਅਤੇ ਜਦੋਂ ਕਰਨ ਨੇ ਇਕ ਬ੍ਰਾਹਮਣ ਨੂੰ ਮੰਗਤੇ ਦੇ ਰੂਪ ਵਿਚ ਦੇਖਿਆ, ਤਾਂ ਕਰਣ ਨੇ ਪੁਛਿੱਆ, ਕਿ ਹੇ ਬ੍ਰਾਹਮਣ ਦੇਵਤਾ ਕੀ ਚਾਹੀਦਾ ਹੈ। ਤਾਂ ਉਸ ਵੇਲੇ ਭਗਵਾਨ ਕ੍ਰਿਸ਼ਨ ਜੀ, ਜੋ ਬ੍ਰਾਹਮਣ ਬਣੇ ਹੋਏ ਸਨ ਬੇਨਤੀ ਕੀਤੀ, ਕਿ ਹੇ ਦਾਨਵੀਰ ਕਰਣ, ਕ੍ਰਿਪਾ ਕਰ ਕੇ, ਇਹ ਜੋ ਸੁਰਖਿੱਆ ਕਵੱਚ, ਸੂਰਜ ਦੇਵ ਦਾ ਦਿੱਤਾ ਹੋਇਆ ਤੁਸੀ ਪਹਿਨ ਰਖਿੱਆ ਹੈ, ਇਹ ਮੈਨੂੰ ਦਾਨ ਦਰ ਦਿਓ ਤਾਂ ਰਾਜਾ ਕਰਣ ਇਹ ਸਮਝ ਗਏ ਸਨ, ਕਿ ਇਹ

ਕੋਈ ਮਾਮੂਲੀ ਬ੍ਰਾਹਮਣ ਨਹੀਂ, ਬਲਕੇ ਭਗਵਾਨ ਕ੍ਰਿਸ਼ਨ ਖੁਦ ਮਾਂਗਤ ਬਣ ਕੇ ਆਇਆ ਹੈ। ਪਰ ਕਰਣ ਨੂੰ ਇਸ ਗਲ ਦਾ ਬੜਾ ਮਾਣ ਹੋਇਆ, ਕਿ ਅੱਜ ਖੁਦ ਭਗਵਾਨ ਕ੍ਰਿਸ਼ਨ, ਜੋ ਇਸ ਸਮੇਂ ਦਾ ਅਵਤਾਰ ਹੈ, ਉਹ ਮੇਰੇ ਬੂਹੇ ਤੇ ਮੰਗਤਾ ਬਣ ਕੇ ਖੜਾ ਹੋਇਆ ਹੈ। ਮੈਂ ਇਸ ਦੀ ਮੰਗ ਜ਼ਰੂਰ ਪੂਰੀ ਕਰਾਂਗਾ, ਭਾਵੇਂ ਇਹ ਦੇਣ ਨਾਲ ਮੇਰੀ ਸੁਰੱਖਿਆ ਖ਼ਤਰੇ ਵਿਚ ਪੈ ਜਾਣੀ ਹੈ, ਪਰ ਮੈਂ ਆਪਣਾ ਵਾਇਦਾ ਦਾਨ ਕਰਨ ਵਾਲਾ ਜ਼ਰੂਰ ਪੂਰਾ ਕਰਾਂਗਾ। ਤਾਂ ਕਰਣ ਨੇ ਆਪਣਾ ਉਹ ਸੁਰੱਖਿਆ ਕਵੱਚ ਉਤਾਰ ਕੇ, ਸ੍ਰੀ ਕ੍ਰਿਸ਼ਨ ਜੀ ਨੂੰ ਦਾਨ ਵਿਚ ਦੇ ਦਿੱਤਾ, ਇਹ ਕਵੱਚ ਦੇਣ ਤੋਂ ਬਾਅਦ ਹੀ ਕਰਣ ਦੀ ਜੰਗ ਵਿਚ ਹਾਰ ਹੋਈ, ਤੇ ਉਹ ਜੰਗ ਵਿਚ ਮਾਰਿਆ ਗਿਆ।"

ਸੋ ਕਵੱਚ ਦਾ ਅਤੇ ਸੰਨਾਹੁ ਦਾ ਅਰਥ ਹੈ, ਸੁਰੱਖਿਆ ਸੰਜੋਹੁ ਜਾਂ ਕਵੱਚ, ਜੋ ਕਿ ਗੁਰੂ ਸਾਹਿਬ ਫੁਰਮਾਨ ਕਰਦੇ ਹਨ। (ਰਾਮ ਕਵੱਚ ਦਾਸ ਕਾ ਸੰਨਾਹੁ) ਅਰਥਾਤ ਰਾਮ ਦਾ ਨਾਮ, ਪ੍ਰਭੂ ਦਾ ਨਾਮ ਹੀ ਮੇਰੀ ਸੁਰੱਖਿਆ ਦਾ ਕਵੱਚ ਜਾਂ ਸੰਜੋਹੁ ਹੈ ਪਿਛਲੇ ਲੇਖ 'ਸ਼ਬਦ ਗੁਰੂ' ਵਿਚ ਦਾਸ ਨੇ ਲਿਖਿਆ ਸੀ ਕਿ ਸ਼ਬਦ ਗੁਰੂ ਨੇ ਆਪਣੇ ਸਿੱਖ ਨੂੰ ਕਵੱਚ ਬਣਾ ਕੇ ਇਸ ਦੀ ਸੁਰੱਖਿਆ ਦਾ ਵਚਨ ਦਿੱਤਾ ਸੀ ਤੇ ਉਹ ਵਚਨ ਗੁਰੂ ਨੇ ਨਿਭਾਇਆ ਹੈ। ਪਰ ਇਹ ਸੁਰੱਖਿਆ ਦੇਣ ਲਈ, ਸ਼ਬਦ ਗੁਰੂ ਨੇ ਇਕ ਹੁਕਮ ਵੀ ਸਿੱਖ ਨੂੰ ਕੀਤਾ ਹੈ, ਕਿ ਹੇ ਸਿੱਖਾ ਜੇ ਤੂੰ ਗੁਰੂ ਦੇ ਹੁਕਮ ਵਿਚ ਰਹੇਂਗਾ, ਗੁਰੂ ਦਾ ਹੁਕਮ ਮੰਨੇਂਗਾ ਤਾਂ,ਗੁਰੂ ਤੇਰੇ ਅੰਗ ਸੰਗ ਰਹੇਗਾ, ਤੇ ਤੇਰੀ ਸੁਰੱਖਿਆ ਕਰੇਗਾ। ਤੇ ਗੁਰੂ ਦਾ ਹੁਕਮ ਹੈ ਕਿ (ਗੁਰ ਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰ ਕਹੈ, ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ) (ਧਨਾਸਰੀ ਮ: ੪ ਪੰਨਾ ੬੬੭) ਯਥਾ-(ਮਨ ਬੇਚੈ ਸਤਿਗੁਰ ਕੈ ਪਾਸਿ॥ ਤਿਸ ਸੇਵਕ ਕੈ ਕਾਰਜਿ ਰਾਜ। (ਗਉੜੀ ਮ:੫ ਪੰਨਾ ੨੮੬) ਅਰਥਾਤ ਜੋ ਗੁਰੂ ਜੀ ਹੁਕਮ ਕਰਦੇ ਹਨ ਉਹ ਗੁਰੂ ਕੇ ਸਿੱਖ ਵਾਸਤੇ ਮੰਨਣਾ ਜ਼ਰੂਰੀ ਹੈ। ਕਿਉਂਕਿ (ਸਤਿਗੁਰ ਕਾ ਉਪਦੇਸ਼ ਸੁਣਿ ਤੂੰ, ਹੋਵੈ ਤੇਰੈ ਨਾਲੈ। ਰਾਮਕਲੀ ਮ:੩ ਪੰਨਾ ੬੧੮) ਗੁਰੂ ਦਾ ਹੁਕਮ ਮੰਨਣ ਵਿਚ ਹੀ ਸਿੱਖ ਦੀ ਸੁਰੱਖਿਆ ਹੈ, ਤੇ ਗੁਰੂ ਦੀ ਖੁਸ਼ੀ ਹੈ, ਕਿਉਂਕਿ ਸਤਿਗੁਰੂ ਆਪ ਹੀ ਇਹ ਗੱਲ ਕਹਿ ਰਹੇ ਹਨ, ਕਿ (ਹੁਕਮ ਮੰਨਿਐ ਹੋਵੈ ਪਰਵਾਣ ਤਾ ਖਸਮੈ ਕਾ ਮਹਲ ਪਾਇਸੀ। ਆਸਾ ਵਾਰ ਮ:੧ ਪੰਨਾ ੪੭੧) ਅਤੇ ਗੁਰੂ ਦਾ ਹੁਕਮ ਇਹ ਹੈ ਕਿ(ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ, ਹਰਿ ਸਿਮਰਤ ਅਨੰਦ ਅਨੰਤਾ, ਰੰਗ ਤਮਾਸਾ ਪੂਰਨ ਆਸਾ, ਕਬਹਿ ਨਾ ਬਿਆਪੈ ਚਿੰਤਾ॥ ਗੁਜਰੀ ਮ:੫ ਪੰਨਾ ੪੯੬) ਤੇ ਗੁਰੂ ਕੇ ਸਿੱਖਾ ਜਦੋਂ ਤੂੰ ਗੁਰੂ ਦਾ ਹੁਕਮ ਮੰਨ ਕੇ ਗੁਰੂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਵੇਂਗਾ, ਅੰਮ੍ਰਿਤ ਛਕ ਲਵੇਂਗਾ। ਤਾਂ ਸਤਿਗੁਰੂ ਤੇਰੀ ਸੁਰੱਖਿਆ ਲਈ ਤੈਨੂੰ ਕਵੱਚ ਦੇ ਰੂਪ ਵਿਚ ਪੰਜ ਕੱਕੇ, ਪੰਜ ਕਵੱਚ ਬਖ਼ਸ਼ ਦੇਵੇਗਾ॥ ਕਿਉਂਕਿ ਕਵੱਚ ਦਾ ਵੀ ਪਹਿਲਾ ਅਖਰ ਕੱਕਾ ਹੈ, ਤੇ ਤੈਨੂੰ ਗੁਰੂ ਕੇ ਸਿੱਖਾ ਇਕੋ ਨਹੀਂ ਬਲਕਿ ਪੰਜ ਕੱਕੇ, ਪੰਜ ਕਵੱਚ ਗੁਰੂ ਨੇ ਪਹਿਨਾ ਦੇਣੇ ਹਨ। ਕਰਣ ਕੋਲ ਇੱਕ ਕਵੱਚ ਸੀ ਪਰ ਗੁਰੂ ਕੇ ਸਿੱਖਾਂ ਕੋਲ ਪੰਜ ਕਵੱਚ ਹੁੰਦੇ ਹਨ "

1. ਪਹਿਲਾ ਕਵੱਚ ਹੈ ਕੱਕਾ ਕੇਸ - ਕੇਸ ਜੋ ਕੁਦਰਤ ਨੇ ਪ੍ਰਮਾਤਮਾ ਨੇ ਹਰ ਇਨਸਾਨ ਨੂੰ ਜਨਮ ਤੋਂ ਹੀ ਦਿੱਤੇ ਹਨ, ਸਿਰਫ ਮਨੁੱਖ ਨੂੰ ਹੀ ਨਹੀਂ ਬਲਕਿ ਸ੍ਰਿਸ਼ਟੀ ਦੇ ਹਰ ਜੀਵ ਜੋ ਪੰਛੀ ਤੇ ਚੌਪਏ ਹਰ ਤਰਾਂ ਦੇ ਜੀਵ ਹਨ ਸਭ ਤੇ ਵਾਲ ਕੇਸ ਕੁਦਰਤ ਨੇ ਪੈਦਾ ਕੀਤੇ ਹਲ। ਮਨੁੱਖ ਤਾਂ ਠੰਢ ਦੇ ਵਿਚ ਆਪਣਾ ਤਨ ਕਪੜਿਆਂ ਨਾਲ ਢੱਕ ਕੇ ਠੰਢ ਤੋਂ ਬਚ ਜਾਂਦਾ ਹੈ, ਲੇਕਿਨ ਅਸੀਂ ਦੇਖਦੇ ਹਾਂ, ਤਕਰੀਬਨ ਜਿਤਨੇ ਵੀ ਚੌਪਾਏ ਜਾਨਵਰ ਤੇ ਪਸ਼ੂ ਹਨ, ਉਹ ਕੋਈ ਕਪੜਾ ਨਹੀਂ ਪਹਿਨਦੇ। ਪਰ ਉਹਨਾਂ ਦੇ ਵਾਲ ਤੇ ਉਹਨਾਂ ਦੇ ਕੇਸ ਤੇ ਉਹਨਾਂ ਦੀ ਜਤ ਹੀ ਉਹਨੂੰ ਨੂੰ ਠੰਢ ਤ੍ਹੋ ਬਚਾਂਦੀ ਹੈ। ਸਿਰਫ ਉਹਨਾਂ ਨੂੰ ਹੀ ਨਹੀਂ ਬਚਾਂਦੀ , ਬਲਕਿ ਉਹਨਾਂ ਪਸ਼ੂਆਂ, ਭੇਡਾਂ ਤੇ ਬਕਰੀਆਂ ਦੀ ਹੋਰ ਵੀ ਕਈ ਪਸ਼ੂਆਂ ਦੀ ਖਲ ਜੋ ਨਾਂ ਹੀ ਮਨੁੱਖ ਦੇ ਕੰਮ ਆਉਂਦੇ ਹਨ, ਜਿਹਨਾਂ ਦੇ ਗਰਮ ਕੱਪੜੇ, ਤੇ ਸ਼ਾਲਾਂ ਬਣਾ ਕੇ ਮਨੁੱਖ ਆਪਣਾ ਤਨ ਵੀ ਢਕਦਾ ਹੈ, ਤੇ ਠੰਢ ਤੋਂ ਵੀ ਬਚਦਾ ਹੈ।

ਕਿਸੇ ਵੀ ਮਜ਼ਹਬ ਜਾਂ ਦੇਸ਼ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਜਿਵੇਂ ਜਿਵੇਂ ਉਹ ਵੱਡਾ ਹੁੰਦਾ ਹੈ ਉਸ ਨੂੰ ਹੋਣ ਦਿੱਤਾ ਜਾਵੇ, ਨਾਂ ਉਸ ਨੂੰ ਹਿੰਦੂ ਬਣਾਇਆ ਜਾਵੇ, ਨਾ ਮੁਸਲਮਾਨ ਬਣਾਇਆ ਜਾਵੇ, ਨਾ ਈਸਾਈ ਬਣਾਇਆ ਜਾਵੇ, ਨਾ ਕੁੱਛ ਹੋਰ ਬਣਾਇਆ ਜਾਵੇ, ਅਤੇ ਉਸ ਦੇ ਕੇਸ ਨਾ ਕਤਲ ਕੀਤੇ ਜਾਣ , ਤਾਂ ਉਹ ਸੱਚਾ ਇਨਸਾਨ ਦਾ, ਮਨੁੱਖ ਦਾ ਅਸਲੀ ਰੂਪ ਹੋਵੇਗਾ। ਜੋ ਕਿ ਕੁਦਰਤ ਨੇ ਆਪ ਖੁਦ ਪੈਦਾ ਕੀਤਾ ਹੈ। ਅਤੇ ਇਸ ਸਾਬਤ ਸੂਰਤ ਸਰੂਪ ਨੂੰ ਕੱਟ ਵੱਢ ਕੇ ਹੀ, ਹਿੰਦੂ ਜਾਂ ਮੁਸਲਮ ਜਾਂ ਈਸਾਈ ਜਾਂ ਕੁਝ ਹੋਰ ਬਣਾਇਆ ਜਾਂਦਾ ਹੈ। ਸੋ ਇਸ ਦਾ ਮਤਲਬ ਇਹ ਹੈ ਕਿ ਕੁਦਰਤ ਨੇ ਸਿਰਫ ਇਕੋ ਹੀ ਮਨੁੱਖੀ ਧਰਮ ਸਿੱਖ ਹੀ ਪੈਦਾ ਕੀਤਾ ਹੈ। ਇਸ ਦੇ ਸਿਰ ਤੇ ਕੇਸ ਹਨ। ਅਤੇ ਜਿਹੜੇ ਮਨੁੱਖਾਂ ਦੇ ਸਿਰ ਤੇ ਕੇਸ ਨਹੀਂ ਹਨ, ਉਹ ਜਦ੍ਹੋ ਸਕੂਟਰ ਜਾਂ ਮੋਟਰ ਸਾਈਕਲ ਤੇ ਸਵਾਰੀ ਕਰ ਕੇ ਕਿਧਰੇ ਜਾਂਦੇ ਹਨ। ਤਾਂ ਉਹਨਾਂ ਨੂੰ ਸਿਰ ਤੇ ਹੈਲਮਟ ਪਹਿਨਣਾ ਪੈਂਦਾ ਹੈ, ਅਤੇ ਸਿੱਖ ਦੇ ਸਿਰ ਤੇ ਕੇਸ ਹੋਣ ਕਰਕੇ ਉਹ ਸਿਰ ਤੇ ਪੱਗੜੀ ਬੰਨਦਾ ਹੈ, ਤੇ ਜਿਸਨੇ ਪੱਗੜੀ ਬੰਨੀ ਹੋਈ ਹੋਵੇ,

ਉਸ ਨੂੰ ਹੈਲਮਟ ਪਹਿਨਣ ਦੀ ਲੋੜ ਨਹੀਂ ਪੈਂਦੀ, ਪੱਗੜੀ ਹੀ ਹੈਲਮਟ ਦਾ ਕੰਮ ਕਰਦੀ ਹੈ ਅਤੇ ਦੂਜੀ ਗੱਲ ਇਹ ਹੈ ਕਿ ਪੱਗੜੀ ਬੰਨਣ ਨਾਲ ਸਿੱਖ ਦੀ ਸ਼ਖ਼ਸ਼ੀਅਤ ਪ੍ਰਭਾਵਸ਼ਾਲੀ ਹੋ ਜਾਂਦੀ ਹੈ । ਅਤੇ ਸਿੱਖ ਪੱਗੜੀ ਨਾਲ ਖ਼ੂਬਸੂਰਤ ਦਿਸਦਾ ਹੈ। ਅਤੇ ਕੇਸਾਂ ਰਾਂਹੀ ਸਾਨੂੰ ਸੂਰਜੀ ਊਰਜਾ ਮਿਲਦੀ ਹੈ ਅਤੇ ਕੇਸ ਅਤੇ ਪੱਗੜੀ ਮਿਲ ਕੇ ਮਨੁੱਖ ਨੂੰ ਹਰ ਤਰਾਂ ਦੀ ਚੋਟ ਅਤੇ ਸੱਟ ਤੋਂ ਬਚਾਉਂਦੇ ਹਨ, ਇਹ ਸਿਰ ਦਾ ਕਵੱਚ ਹੈ ਜਿਸ ਤਰਾਂ ਰੇਡੀਓ ਜਾਂ ਟੀ.ਵੀ. ਵਾਸਤੇ ਅਸੀ ਏਰੀਅਲ ਦਾ ਪ੍ਰਯੋਗ ਕਰਦੇ ਹਾਂ ਇਸ ਤਰਾਂ ਜੋ ਕੇਸ ਹਨ, ਏਹ ਮਨੁੱਖ ਦਾ ਏਰੀਅਲ ਹਨ, ਜਿਹਨਾਂ ਨਾਲ ਸੂਰਜ ਦੀ ਤਾਕਤ ਸ਼ਕਤੀ ਮਿਲਦੀ ਹੈ, ਤੇ ਕੁਦਰਤ ਦਾ ਅਨਭਵੀ ਗਿਆਨ ਸਾਨੂੰ ਮਿਲਦਾ ਹੈ।

2. ਦੂਜਾ ਕੱਕਾ ਕਵੱਚ ਹੈ ਕੰਘਾ – ਸੋ ਜਿਥੇ ਸਾਨੂੰ ਕੇਸ ਜ਼ਰੂਰੀ ਹਨ, ਉਥੇ ਕੇਸ ਦੀ ਸਾਂਭ ਸੰਭਾਲ ਲਈ ਕੰਘਾ ਵੀ ਜ਼ਰੂਰੀ ਹੈ। ਰਾਤ ਦੇ ਘੁੱਪ ਹਨੇਰੇ ਵਿਚ ਤੁਸੀ ਲੋਹੇ ਦੀ ਕੰਘੀ ਲੈ ਕੇ ਕੇਸਾਂ ਵਿਚ ਫੇਰੋ ਤਾਂ ਤੁਸੀਂ ਦੇਖੋਗੇ, ਕਿ ਹਨੇਰੇ ਵਿਚ ਤੁਹਾਨੂੰ ਕੇਸਾਂ ਵਿਚੋ਼ ਚੰਗਿਆੜੇ ਨਿਕਲਦੇ ਨਜ਼ਰ ਆਉਣਗੇ। ਜਿਸ ਤਰਾਂ ਪੱਥਰ ਤੇ ਪੱਥਰ ਜਾਂ ਪੱਥਰ ਤੇ ਲੋਹਾ ਟਕਰਾਉਣ ਤੇ ਵਿਚੋਂ ਅੱਗ ਦੇ ਚੰਗਿਆੜੇ ਨਿਕਲਦੇ ਹਨ। ਇਸੇ ਤਰਾਂ ਕੇਸਾਂ ਵਿਚ ਲੋਹੇ ਜਾਂ ਰਬੜ ਜਾਂ ਪਲਾਸਟਿਕ ਦੀ ਕੰਘੀ ਕਰਨ ਨਾਲ ਕੇਸਾਂ ਚੋਂ ਅੱਗ ਨਿਕਲਦੀ ਹੈ। ਇਸ ਲਈ ਲੋਹੇ ਦੀ ਥਾਂ ਰਬੜ ਦੀ ਕੰਘੀ ਕੇਸਾਂ ਲਈ ਨੁਕਸਾਨ ਦੇਹ ਹੁੰਦੀ ਹੈ। "ਲੇਕਿਨ ਲਕੜੀ ਦਾ ਕੰਘਾ ਕੇਸਾਂ ਦੀ ਸਫਾਈ ਵੀ ਸਹੀ ਕਰਦਾ ਹੈ। ਤੇ ਕੇਸਾਂ ਦਾ ਨੁਕਸਾਨ ਵੀ ਨਹੀਂ ਕਰਦਾ। ਰਬੜ ਅਤੇ ਪਲਾਸਟਕ ਦੀ ਕੰਘੀ ਕਰਨ ਵਾਲਿਆਂ ਦੇ ਕੇਸ ਛੇਤੀ ਝੜ ਜਾਂਦੇ ਹਨ। ਜਦ ਕੇ ਲਕੜ ਦਾ ਕੰਘਾ ਕਰਨ ਵਾਲਿਆਂ ਦੇ ਕੇਸ ਲਮੇਂ ਅਤੇ ਜ਼ਿਆਦਾ ਦੇਰ ਤਕ ਚਲਦੇ ਹਨ।"

3. ਤੀਜਾ ਕੱਕਾ ਹੈ ਕੱੜਾ

ਸਾਰੀ ਦੁਨੀਆਂ ਦੇ ਲੋਕ ਇਹ ਮੰਨਦੇ ਹਨ, ਕਿ ਜੋ ਗਾਇਬੀ ਰੂਹਾਂ, ਭੂਤ ਪ੍ਰੇਤ ਚੁੜੇਲਾਂ ਹੁੰਦੇ ਹਨ, ਹਨ, ਕਿਸੇ ਵੀ ਲੋਹੇ ਵਾਲੀ ਚੀਜ਼ ਦੇ ਨੇੜੇ ਨਹੀਂ ਆਂਵਦੇ, ਦੁਨੀਆਂ ਦੇ ਹੋਰ ਵੀ ਕਈ ਧਰਮਾਂ ਦੇ ਲੋਕ ਜੋ ਕੇ ਸਿੱਖ ਧਰਮ ਵਿਚ ਨਹੀਂ ਹਨ, ਉਹ ਵੀ ਇਹ ਗੱਲ ਮੰਨਦੇ ਹਨ, ਕਿ ਕੜਾ ਸਾਨੂੰ ਭੂਤਾਂ ਪ੍ਰੇਤਾਂ ਤੇ ਹੋਰ ਗਾਇਬੀ ਰੂਹਾਂ ਤੋਂ ਬਚਾਉਂਦਾ ਹੈ,

ਅਤੇ ਸਿੱਖ ਦੇ ਹੱਥ ਵਿਚ ਕੜਾ ਇਸ ਕਰਕੇ ਗੁਰੂ ਨੇ ਪਾਇਆ ਹੈ ਕਿ ਮੇਰਾ ਸਿੱਖ ਕੋਈ ਵੀ ਗ਼ਲਤ ਕੰਮ ਨਾ ਕਰੇ, ਤੇ ਗ਼ਲਤ ਕੰਮ ਕਰਨ ਲਗਿਆਂ ਜਦੋਂ ਉਸ ਦਾ ਧਿਆਨ ਗੁਰੂ ਦੇ ਕੜੇ ਤੇ ਜਾਂਦਾ ਹੈ, ਤਾਂ ਸਿੱਖ ਪਹਿਲੇ ਸੋਚਦਾ, ਕਿ ਗੁਰੂ ਨੇ ਮੇਰੇ ਹੱਥ ਤੇ ਇਕ ਕਿਸਮ ਦੀ ਹੱਥਕੜੀ ਪਹਿਲੇ ਹੀ ਮਾਰੀ ਹੋਈ ਹੈ, ਕਿ ਸਿੱਖਾਂ ਤੂੰ ਇਹ ਕੜਾ ਵੇਖ ਕੇ ਸੋਚ ਲਵੀਂ, ਕਿ ਤੈਨੂੰ ਗੁਰੂ ਨੇ ਚੋਰੀ, ਯਾਰੀ, ਡਾਕਾ, ਬਲਾਤਕਾਰ, ਰਾਹਜਨੀ, ਕਿਸੇ ਨਾਲ ਧੱਕਾ ਕਰਨਾ, ਕਿਸੇ ਦਾ ਹੱਕ ਖਾਣਾ ਹਰ ਤਰਾਂ ਦੇ ਕੁਕਰਮ ਤੋਂ ਰੋਕਿਆ ਹੈ, ਕਿ ਗੁਰੂ ਕਾ ਸਿੱਖ ਕੋਈ ਵੀ ਐਸਾ ਕੰਮ ਨਾ ਕਰੇ ਜਿਸ ਤੇ, ਇਸ ਨੂੰ ਕਿਸੇ ਵੀ ਕਿਸਮ ਦੀ ਸਜ਼ਾ ਭੁਗਤਣੀ ਪਵੇ, ਜਾਂ ਬਾਅਦ ਵਿਚ ਪਛਤਾਣਾ ਪਵੇ।

4. ਚੌਥਾ ਕਵੱਚ ਕੱਕਾ ਕਛਹਿਰਾ– ਜਦੋਂ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਨਵਾਸ ਕੱਟ ਕੇ, ਅਤੇ ਰਾਵਣ ਪਾਸੋਂ, ਸੀਤਾ ਜੀ ਨੂੰ ਆਜ਼ਾਦ ਕਰਵਾ ਕੇ, ਵਾਪਸ ਆਪਣੇ ਘਰ ਅਯੁੱਧਿਆ ਪਹੁੰਚ ਗਏ, ਤਾਂ ਜਿਹਨਾਂ ਯੋਧਿਆਂ ਤੇ ਅਹਿਲਕਾਰਾਂ ਨੇ ਅਤੇ ਸਿਪਾਹੀਆਂ ਨੇ ਜੰਗ ਵਿਚ ਲੜਾਈ ਵਿਚ, ਸ੍ਰੀ ਰਾਮ ਚੰਦਰ ਜੀ ਦਾ ਸਾਥ ਦਿੱਤਾ ਸੀ, ਉਹਨਾਂ ਸਭ ਸਾਥ ਨਿਭਾਉਣ ਵਾਲਿਆਂ ਨੂੰ, ਰਾਜਧਾਨੀ ਅਯੁੱਧਿਆ ਪਹੁੰਚ ਕੇ ਇਨਾਮ ਅਤੇ ਪੁਰਸਕਾਰ ਵੰਡੇ। ਸਭ ਨੂੰ ਇਨਾਮ ਦੇਣ ਤੋਂ ਬਾਅਦ, ਅਖ਼ੀਰ ਤੇ ਹਨੂੰਮਾਨ ਜੀ ਰਹਿ ਗਏ, ਜੋ ਕਿ ਰਾਮ ਦੇ ਪੱਕੇ ਪਰਮ ਭਗਤ ਅਤੇ ਸਭ ਤੋਂ ਨਿਕਟਵਰਤੀ ਸਨ। ਸੋ ਉਹਨਾਂ ਨੂੰ ਸ੍ਰੀ ਰਾਮ ਚੰਦਰ ਜੀ ਨੇ ਆਪਣਾ ਕਛਹਿਰਾ ਬਖ਼ਸ਼ਸ਼ ਕੀਤਾ, ਇਹ ਕਛਹਿਰਾ ਸ੍ਰੀ ਰਾਮ ਚੰਦਰ ਜੀ ਆਪ ਪਹਿਨਦੇ ਸਨ, ਅਤੇ ਇਹ ਕਛਹਿਰਾ ਜਤੀ ਦੀ ਨਿਸ਼ਾਨੀ ਹੈ, ਅਤੇ ਹਨੂੰਮਾਨ ਜੀ ਜਤੀ ਮੰਨੇ ਜਾਂਦੇ ਸਨ, ਹੁਣ ਤਕ ਦੇ ਸੰਸਾਰ ਦੇ ਪੁਰਾਤਨ ਇਤਿਹਾਸ ਵਿਚ ਛੇ ਜਤੀ ਮੰਨੇ ਗਏ ਹਨ। ਜਿਹਨਾਂ ਵਿਚੋਂ ਇਕ ਹਨੂੰਮਾਨ ਜੀ ਹਨ। ਕਿਉਂਕਿ ਇਹ ਕਛਹਿਰਾ ਜਤੀਆਂ ਦੀ ਨਿਸ਼ਾਨੀ ਹੈ, ਤੇ ਗੁਰੂ ਗੋਬਿੰਦ ਸਿੰਘ ਜੀ ਆਪ ਵੀ ਇਹ ਕਛਹਿਰਾ ਪਹਿਨਦੇ ਸਨ। ਸੋ ਏਹੀ ਕਛਹਿਰਾ ਆਪਣੇ ਸਿੱਖ ਨੂੰ ਦੇ ਕੇ ਇਹ ਹੁਕਮ ਕੀਤਾ(ਏਕਾ ਨਾਰੀ ਕੇ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਨੇ( (ਭਾ: ਗੁਰਦਾਸ ਜੀ) ਅਤੇ ਹੁਕਮ ਕੀਤਾ )ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੀਅਹੁ। ਪਰ ਨਾਰੀ ਕੇ ਸੇਜ ਭੂਲ ਸੁਪਨੈ ਹੂੰ ਨਾ ਜਈਓ (ਬਚਿੱਤਰ ਨਾਟਕ ਪਾ:੧0)

ਅੱਜ ਦੇ ਜ਼ਮਾਨੇ ਵਿਚ ਜੋ ਏਡਸ ਦੀ ਬੀਮਾਰੀ ਚਲੀ ਹੋਈ ਹੈ, ਐਸੀਆਂ ਬੀਮਾਰੀਆਂ ਤੋਂ ਬਚਣ ਲਈ, ਅੱਜ ਤੋਂ ਤਿੰਨ ਸੌ ਸਾਲ ਪਹਿਲੇ ਹੀ, ਸਤਿਗੁਰੂ ਨੇ ਸੁਚੇਤ ਕਰ ਦਿੱਤਾ ਸੀ, ਇਹਨਾਂ ਬੀਮਾਰੀਆਂ ਤੋਂ ਬਚਣ ਲਈ ਅਤੇ ਸਿੱਖ

ਵਿਭਾਚਾਰੀ ਨਾ ਹੋਵੇ, ਸਤਿਗੁਰੂ ਨੇ ਪਹਿਲੇ ਹੀ ਸੁਰੱਖਿਆ ਕਵੱਚ ਪਹਿਨਾ ਦਿੱਤਾ ਸੀ।

5. ਪੰਜਵਾ ਕਵੱਚ ਕੱਕਾ ਕ੍ਰਿਪਾਨ- ਸਾਡੇ ਦੇਸ਼ ਹਿੰਦੁਸਤਾਨ 'ਭਾਰਤ' ਦੀ ਹਾਲਤ ਇਹ ਹੋ ਚੁੱਕੀ ਸੀ, ਕਿ ਬਾਹਰ ਦੇ ਲੋਕ ਹਮਲਾਵਰ ਬਣ ਕੇ, ਤੇ ਸਾਡੇ ਦੇਸ਼ ਤੇ ਹਮਲੇ ਕਰ ਕੇ ਸਾਡੇ ਦੇਸ਼ ਦੀਆਂ ਬਹੂ ਬੇਟੀਆਂ ਤੇ ਸਾਡੀ ਅਸਮਤ ਤੇ ਸਾਡਾ ਸਰਮਾਇਆ ਸਭ ਕੁਝ ਲੁੱਟ ਕੇ ਲੈ ਜਾਂਦੇ ਸਨ। ਪਰ ਅਸੀਂ ਸਾਹਮਣੇ ਵੇਖ ਕੇ ਲੁਟਾ ਦੇਂਦੇ ਸਾਂ ਅਤੇ ਬਚਾਉਣ ਦੀ ਕੋਸ਼ਿਸ਼ ਨਹੀਂ ਸੀ ਕਰਦੇ।

ਸਾਡੇ ਦੇਸ਼ ਦੇ (ਪਾਟਲੀ ਪੁੱਤਰ) ਪਟਨਾ ਸ਼ਹਿਰ ਦੇ ਵਾਸੀ, ਮਹਾਰਾਜਾ ਅਸ਼ੋਕ ਨੇ ਮਹਿੰਦਰੂ ਘਾਟ ਦੇ ਅਸਥਾਨ ਤੇ ਆਪਣੀ (ਕ੍ਰਿਪਾਨ) ਤਲਵਾਰ ਦਰਿਆ ਗੰਗਾ ਵਿਚ ਇਸ ਲਈ ਸੁੱਟ ਦਿੱਤੀ, ਤਾਂ ਕਿ ਇਹ ਤਲਵਾਰ ਕਿਸੇ ਤੇ ਜ਼ੁਲਮ ਨਾਂ ਕਰੇ, ਤੇ ਅਹਿੰਸਾ ਪਰਮੋਧਰਮ ਦਾ ਪ੍ਰਚਾਰ ਕੀਤਾ, ਤੇ ਆਪ ਵੀ ਇਹ ਪ੍ਰਣ ਕਰ ਲਿਆ ਕਿ ਅੱਜ ਤੋਂ ਬਾਅਦ ਮੈਂ ਤਲਵਾਰ ਨਹੀਂ ਚੁਕੱਣੀ, ਕਿਉਂਕਿ ਤਲਵਾਰ ਨਾਲ ਜ਼ੁਲਮ ਹੁੰਦਾ ਹੈ, ਉਸ ਦਾ ਸਦਕਾ ਇਹ ਹੋਇਆ ਕੀ ਸਾਡੇ ਦੇਸ਼ ਦੀ ਕੌਮ ਬੁਜ਼ਦਿਲ ਹੋ ਗਈ। ਭਾਂਵੇ ਕੋਈ ਮਾਰ ਜਾਵੇ, ਭਾਂਵੇ ਕੋਈ ਲੁੱਟ ਜਾਵੇ, ਭਾਂਵੇ ਕੋਈ ਸਾਡੇ ਨਾਲ ਕੁਕਰਮ ਕਰ ਜਾਵੇ, ਭਾਂਵੇ ਕੋਈ ਸਾਡੀਆਂ ਧੀਆਂ ਭੈਣਾਂ ਖੋਹ ਕੇ ਲੈ ਜਾਵੇ, ਪਰ ਅਸੀਂ ਸਿਰ ਸੁੱਟ ਛੱਡਦੇ ਸੀ ਤੇ ਜਾਂ ਰੋ ਛੱਡਦੇ ਸੀ, ਪਰ ਮੁਕਾਬਲਾ ਕਰਨ ਦੀ ਸਾਡੇ ਵਿਚ ਹਿੰਮਤ ਨਹੀਂ ਸੀ ਹੁੰਦੀ।

ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਪਟਨੇ ਵਿਚ ਅਵਤਾਰ ਧਾਰਿਆ, ਤੇ ਉਥੋਂ ਹੀ ਇਹ ਪ੍ਰੋਗਰਾਮ ਸ਼ੁਰੂ ਕਰ ਦਿੱਤਾ, ਛੋਟੇ ਹੁੰਦਿਆਂ ਬਚਪਨ ਵਿਚ ਹੀ, ਛੋਟੇ ਛੋਟੇ ਬਚਿਆਂ ਨੂੰ ਨਾਲ ਲੈ ਕੇ ਦੋ ਟੋਲੀਆਂ ਬਣਾ ਕੇ ਆਪਸ ਵਿਚ ਲੜਾ ਕੇ ਲੜਾਈ ਦਾ ਅਭਿਆਸ ਕਰਾਉਣਾ ਅਤੇ ਗੁਲੇਲਾਂ ਨਾਲ ਤੇ ਤੀਰਾਂ ਤੇ ਕ੍ਰਿਪਾਨਾਂ ਨਾਲ ਆਪਸ ਵਿਚ ਬਣਾਵਟੀ ਲੜਾਈ ਦਾ ਅਭਿਆਸ ਕਰਨਾ, ਏਹੀ ਖੇਡਾਂ ਹੁੰਦੀਆਂ ਸਨ, ਸਤਿਗੁਰ ਜੀ ਦੀਆਂ।

ਸੋ ਜਿਸ ਪਟਨੇ ਸ਼ਹਿਰ ਵਿਚ ਮਹਾਰਾਜਾ ਅਸ਼ੋਕ ਨੇ ਗੰਗਾ ਵਿਚ ਕ੍ਰਿਪਾਨ, ਤਲਵਾਰ ਸੁੱਟ ਦਿੱਤੀ ਸੀ, ਉਸੇ ਪਟਨੇ ਵਿਚ ਅਵਤਾਰ ਧਾਰ ਕੇ, ਤੇ ਉਸ ਤਲਵਾਰ ਨੂੰ ਗੰਗਾ ਵਿਚੋਂ ਕੱਢ ਲਿਆ ਤੇ ਸਿੱਖਾਂ ਨੂੰ ਕਿਹਾ ਕੇ ਇਹ ਤਲਵਾਰ ਨਹੀਂ, ਇਹ ਕ੍ਰਿਪਾ ਆਨ (ਕ੍ਰਿਪਾਅਨ ਹੈ) ਕਿਉਂਕਿ ਜੋ ਤਲਵਾਰ ਹੈ ਉਹ ਜੁਲਮ ਕਰਦੀ ਹੈ। ਪਰ ਕ੍ਰਿਪਾਨ ਮਜ਼ਲੂਮਾਂ ਤੇ ਕ੍ਰਿਪਾ ਕਰਦੀ ਹੈ, ਜੁਲਮ ਤੋਂ ਬਚਾਉਂਦੀ ਹੈ। ਗਰੀਬ ਦੀ ਤੇ ਆਪਣੀ ਸਵੈ ਦੀ ਰਖਿੱਆ ਕਰਦੀ ਹੈ। ਇਹ ਆਨ ਯਾਨੀ ਅਣਖ ਨੂੰ ਬਚਾਉਂਦੀ ਹੈ ਇਸ ਕ੍ਰਿਪਾ ਆਨ ਨਾਲ ਸਿੱਖ ਦੇਸ਼ ਦੀ ਰਖਿੱਆ ਕਰੇਗਾ। ਆਪਣੀਆਂ ਬਹੂ ਬੇਟੀਆਂ ਦੀ ਰਖਿੱਆ ਕਰੇਗਾ। ਅਤੇ ਆਪਣੇ ਧਨ ਮਾਲ ਦੀ ਰਖਿੱਆ ਵੀ ਕਰੇਗਾ, ਤੇ ਜ਼ਾਲਮਾਂ ਦਾ ਨਾਸ਼ ਵੀ ਕਰੇਗਾ। ਇਸ ਲਈ ਸਿੱਖ ਨੂੰ ਅੰਮ੍ਰਿਤ ਛਕਾਉਂਣ ਵੇਲੇ ਇਹ ਗੁਰੂ ਵਲੋਂ ਹੁਕਮ ਕੀਤਾ ਜਾਂਦਾ ਹੈ, ਕਿ ਅੱਜ ਤੁੋਂ ਇਹ ਪੰਜੇ ਕੱਕੇ ਪੰਜ ਕਵੱਚ ਤੁਸੀ ਇਹਨਾਂ ਨੂੰ ਸਦਾ ਹੀ ਧਾਰਨ ਕਰਨਾ ਹੈ, ਤੇ ਪਹਿਨ ਕੇ ਰਖੱਣਾ ਹੈ। ਇਹ ਤੇਰਾ ਸਦਾ ਕਵੱਚ ਬਣ ਕੇ ਰਾਖੀ ਕਰਨਗੇ।

ਸੋ ਗੁਰੂ ਕੇ ਸਿੱਖਾ ਇਹ ਭਰੋਸਾ ਤੇਰੀ ਸੁਰਖਿੱਆ ਦਾ ਗੁਰੂ ਨੇ ਤੈਨੂੰ ਵਾਦਾ ਦਿੱਤਾ ਹੈ, ਪਰ ਨਾਲ ਸ਼ਰਤ ਇਹ ਲਾਈ ਹੈ। ਜੇ (ਗੁਰ ਸਿੱਖ ਮੀਤ ਚਲਹੁ ਗੁਰ ਚਾਲੀ) ਜੋ ਗੁਰ ਕਹੈ ਸੋਈ ਭਲ ਮਾਨਹੁ) ( ਮਨ ਬੇਚੈ ਸਤਿਗੁਰ ਕੈ ਪਾਸਿ। ਤਿਸ ਸੇਵਕ ਕੇ ਕਾਰਜ ਰਾਸਿ) ਜੋ ਆਪਣਾ ਮਨ ਗੁਰੂ ਨੂੰ ਵੇਚ ਦਿੰਦਾ ਹੈ, ਗੁਰੂ ਉਸ ਦਾ ਹੋ ਜਾਂਦਾ ਹੈ, ਤੇ ਫਿਰ ਉਹ ਪਿਤਾ ਬਣ ਕੇ ਆਪਣੇ ਸਿੱਖ ਪੁੱਤਰ ਦੀ ਰਾਖੀ ਕਰਦਾ ਹੈ।

ਮੋਬਾਇਲ : 09780708747


## ਜ਼ਰੂਰੀ ਬੇਨਤੀ

**ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜੇ ਤੁਹਾਨੂੰ ਨਾ ਚਾਹੀਦੇ ਹੋਣ ਤਾਂ ਸਾਨੂੰ ਸੂਚਿਤ ਕਰੋ ਅਸੀਂ ਮੰਗਵਾ ਲਵਾਂਗੇ**

**ਸੰਪਰਕ ਕਰੋ :**

**ਡਾ. ਜਾਗੀਰ ਸਿੰਘ, ਮੋਬ: 09814053630, ਕੋਠੀ ਨੰ: 422, ਸੈਕਟਰ 15-ਏ, ਚੰਡੀਗੜ੍ਹ**

# ਗੁਰਮਤਿ ਸੰਗੀਤ ਸਮਾਚਾਰ

ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਵਿਚ ਗੁਰਮਤਿ ਸੰਗੀਤ ਭਵਨ ਵਿਖੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਦੀ ਯਾਦ ਵਿਚ ਉਨ੍ਹਾਂ ਦੇ ਸਮੂਹ ਪਰਿਵਾਰ, ਸ਼ਿਸ਼ ਮੰਡਲ ਅਤੇ ਸੰਗੀਤ ਪ੍ਰੇਮੀਆਂ ਵਲੋਂ 28 ਫਰਵਰੀ, 2012 ਨੂੰ ਸ਼ਾਮ 4.30 ਵਜੇ ਗੁਰਮਤਿ ਸੰਗੀਤ ਭਵਨ ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਸਿਮ੍ਰਤੀ ਸਮਾਰੋਹ-2012 ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਦੀ ਪ੍ਰਧਾਨਗੀ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਕਰਨਗੇ। ਇਸ ਸਮਾਗਮ ਵਿਚ ਸ਼ਾਸਤਰੀ ਸੰਗੀਤ ਦੀ ਸੇਵਾ ਲਈ ਬਤੌਰ ਵਿਦਵਾਨ ਸੰਗੀਤਕਾਰ ਦੇ ਤੌਰ ਤੇ ਸਿੰਘ ਬੰਧੂ ਸ. ਤੇਜਪਾਲ ਸਿੰਘ ਦਿੱਲੀ ਨੂੰ ਪਹਿਲਾ ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਸਿਮ੍ਰਤੀ ਐਵਾਰਡ ਪ੍ਰਦਾਨ ਕੀਤਾ ਜਾਵੇਗਾ। ਇਸ ਅਵਸਰ 'ਤੇ ਪ੍ਰੋ. ਕਰਤਾਰ ਸਿੰਘ, ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ ਦੁਆਰਾ ਸਿਮ੍ਰਤੀ ਲੈਕਚਰ ਪ੍ਰਸਤੁਤ ਕੀਤਾ ਜਾਵੇਗਾ ਅਤੇ ਕਰੀਰ ਸਾਹਿਬ ਦੇ ਹੋਣਹਾਰ ਸ਼ਾਗਿਰਦ ਸੁਮੰਗਲ ਅਰੋੜਾ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵਲੋਂ ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕੀਤਾ ਜਾਵੇਗਾ।

ਡਾ. ਗੁਰਨਾਮ ਸਿੰਘ ਮੁਖੀ ਗੁਰਮਤਿ ਸੰਗੀਤ ਚੇਅਰ ਗੁਰਮਤਿ ਸੰਗੀਤ ਵਿਭਾਗ ਨੇ ਦਸਿਆ ਕਿ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਇਕ ਸਫਲ ਅਧਿਆਪਕ, ਉਸਤਾਦ ਸ਼ਾਸਤਰੀ ਗਾਇਕ, ਰਾਗਾਤਮਿਕ ਪ੍ਰਸਤੁਤੀਆਂ ਦੇ ਵਿਦਵਾਨ ਕੀਰਤਨਕਾਰ ਅਤੇ ਸਿਤਾਰ ਵਾਦਕ ਸਨ। ਕਰੀਰ ਸਾਹਿਬ ਦੁਆਰਾ ਪੰਜਾਬ ਅਤੇ ਵਿਸ਼ੇਸ਼ਕਰ ਪਟਿਆਲੇ ਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਜਿਥੇ ਸ਼ਾਸਤਰੀ ਸੰਗੀਤ ਦੀ ਅਲਖ ਜਗਾਈ ਰਖੀ ਉਥੇ ਉਨ੍ਹਾਂ ਨੇ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਕੇ ਅਨੇਕਾਂ ਕੀਰਤਨਕਾਰ ਅਤੇ ਅਧਿਆਪਕ ਸੰਗੀਤ ਜਗਤ ਨੂੰ ਦਿੱਤੇ, ਜਿਨ੍ਹਾਂ ਵਿੱਚੋਂ ਪ੍ਰਿੰਸੀਪਲ ਅੰਮ੍ਰਿਤਪਾਲ ਸਿੰਘ, ਡਾ. ਨਵਜੋਤ ਕਸੇਲ, ਡਾ. ਸ਼ੋਭਾ ਸ਼ਰਮਾ, ਪ੍ਰੋਫੈਸਰ ਕਮਲ ਠਾਕੁਰ, ਪ੍ਰੋਫੈਸਰ ਪਿਆਰੇ ਲਾਲ, ਡਾ. ਪਰਮਜੀਤ ਕੌਰ, ਪ੍ਰੋਫੈਸਰ ਜਗਜੀਤ ਕੌਰ, ਪ੍ਰੋਫੈਸਰ ਸਨੇਹ ਪ੍ਰਭਾ, ਡਾ. ਅਨੁਪਮਾ ਦਿੱਲੀ, ਡਾ. ਹਰਜਸ ਕੌਰ ਰੋਪੜ, ਡਾ. ਬਲਬੀਰ ਸਿੰਘ ਭੰਗੂ ਕੈਨੇਡਾ, ਡਾ. ਦੇਵਿੰਦਰ ਕੌਰ, ਪ੍ਰੋਫੈਸਰ ਅਸ਼ੋਕ ਕੁਮਾਰ ਬਰਨਾਲਾ, ਸ. ਜਸਪਾਲ ਸਿੰਘ, ਸ. ਮਹਿੰਦਰਪਾਲ ਸਿੰਘ, ਸਵਰਸੰਗਮ, ਹਰਪ੍ਰੀਤ ਸਿੰਘ, ਨਿਰਮਲ ਸਿੰਘ ਨਿੰਮਾ, ਸ. ਨਰਿੰਦਰ ਸਿੰਘ ਜੁਗਲਾ, ਸ਼੍ਰੀ ਸੁਮੰਗਲ ਅਰੋੜਾ ਅਤੇ ਡਾ. ਜਸਬੀਰ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕਰੀਰ ਸਾਹਿਬ ਦੀਆਂ ਬੇਟੀਆਂ ਪ੍ਰੋਫੈਸਰ ਪ੍ਰੀਤਇੰਦਰ ਕੌਰ, ਮੈਡਮ ਗੁਰਮਿੰਦਰ ਕੌਰ ਦੇ ਨਾਂ ਵਰਨਣਯੋਗ ਹਨ। ਕਰੀਰ ਸਾਹਿਬ ਦੇ ਅਚਾਨਕ ਚਲੇ ਜਾਣ ਨਾਲ ਪੰਜਾਬ ਦੀ ਸੰਗੀਤ ਪਰੰਪਰਾ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

******

ਰਾਜ ਅਕੈਡਮੀ, ਯੂ.ਕੇ. ਵਲੋਂ ਅੰਤਰ-ਰਾਸ਼ਟਰੀ ਪੱਧਰ 'ਤੇ ਵੱਖ-ਵੱਖ ਦੇਸ਼ਾਂ ਦੇ ਗੁਰਮਤਿ ਸੰਗੀਤ ਸਿਖਿਆ ਸੰਪੂਰਨ ਕਰਨ ਵਾਲੇ ਵਿਦਿਆਰਥੀਆਂ ਦੀ ਗੁਰਮਤਿ ਸੰਗੀਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ, ਪੰਜਾਬੀ ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਨੂੰ ਵਿਸ਼ਵ ਪੱਧਰ ਤੇ ਪਹੁੰਚਾਉਣ ਲਈ ਵਿਸ਼ਵ ਯੂਨੀਵਰਸਿਟੀਆਂ ਨਾਲ ਅਕਾਦਮਿਕ ਸਹਿਯੋਗ ਸਥਾਪਤ ਕੀਤੇ ਜਾਣ ਦਾ ਐਲਾਨ ਕੀਤਾ। ਉਨ੍ਹਾਂ ਇਸ ਉਦਮ ਲਈ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਅਜ ਦਾ ਇਹ ਸਮਾਗਮ ਇਸ ਦੀ ਸਫਲ ਮਿਸਾਲ ਹੈ। ਉਨ੍ਹਾਂ ਨੇ


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

ਡਾ. ਗੁਰਨਾਮ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਲਈ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਵਲੋਂ ਪ੍ਰੋ. ਸੁਰਿੰਦਰ ਸਿੰਘ, ਰਾਜ ਅਕੈਡਮੀ ਯੂ.ਕੇ. ਦੇ ਸਹਿਯੋਗ ਨਾਲ ਸਿੱਖ ਮਿਊਜ਼ਿਕ ਕਨਸਰਟ ਆਯੋਜਿਤ ਕੀਤੀ ਗਈ ਜਿਸ ਵਿਚ ਇਟਲੀ, ਫਰਾਂਸ, ਜਰਮਨੀ, ਸਪੇਨ, ਯੂ.ਕੇ. ਫਿਨਲੈਂਡ ਆਦਿ ਦੇਸ਼ਾਂ ਦੇ ਗੁਰਮਤਿ ਸੰਗੀਤ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਭਾਗ ਲਿਆ।

ਪ੍ਰੋਗਰਾਮ ਦੇ ਆਰੰਭ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਅਤੇ ਉਨ੍ਹਾਂ ਤੋਂ ਬਾਅਦ ਇਨ੍ਹਾਂ ਦੇਸ਼ਾਂ ਤੋਂ ਆਏ ਵਿਦਿਆਰਥੀਆਂ ਨੇ ਗੁਰਮਤਿ ਸੰਗੀਤ ਪੇਸ਼ਕਾਰੀਆਂ ਕੀਤੀਆਂ। ਇਸ ਅਵਸਰ 'ਤੇ ਪ੍ਰੋ. ਸੁਰਿੰਦਰ ਸਿੰਘ ਨੇ ਦਸਿਆ ਕਿ ਵੱਖ-ਵੱਖ ਦੇਸ਼ਾਂ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਅਤੇ ਨਾਦ ਯੋਗਾ ਟੀਚਰਜ਼ ਵਜੋਂ ਸਿਖਿਆ ਦੇ ਕੇ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਪੰਜਾਬੀ ਯੂਨੀਵਰਸਿਟੀ ਵਿਖੇ ਸਥਾਪਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਜਿਸ ਨੇ ਗੁਰਮਤਿ ਸੰਗੀਤ ਸਾਹਿਤ ਉਤੇ ਅਧਾਰਿਤ ਇਕ ਵਿਸ਼ਾਲ ਵੈਬਸਾਈਟ www.gurmatsangeetlibrary.com ਲਾਂਚ ਕੀਤੀ ਹੈ ਵਲੋਂ ਇਸ ਆਨ-ਲਾਈਨ ਲਾਇਬਰੇਰੀ ਦੇ ਡਾਇਰੈਕਟਰ ਡਾ. ਅੰਮ੍ਰਿਤਪਾਲ ਕੌਰ ਵਲੋਂ ਗੁਰਮਤਿ ਸੰਗੀਤ ਕੈਟਾਲੋਗ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਪ੍ਰੋ. ਸੁਰਿੰਦਰ ਸਿੰਘ, ਯੂ.ਕੇ. ਨੂੰ ਭੇਟ ਕੀਤਾ ਗਿਆ।

ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ , ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਹਾਜ਼ਰ ਹੋਏ। ਸਮਾਗਮ ਵਿਚ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਦਾ ਪੰਜਾਬੀ ਯੂਨੀਵਰਸਿਟੀ ਅਤੇ ਰਾਜ ਅਕੈਡਮੀ ਯੂ.ਕੇ. ਵਲੋਂ ਸਨਮਾਨ ਕੀਤਾ ਗਿਆ।

ਸਮਾਗਮ ਵਿਚ ਯੂਨੀਵਰਸਿਟੀ ਕੈਂਪਸ ਦੀ ਫੈਕਲਟੀ, ਵਿਦਿਆਰਥੀ, ਗੁਰਮਤਿ ਸੰਗੀਤ ਪ੍ਰੇਮੀਆਂ ਤੋਂ ਇਲਾਵਾ ਡਾ. ਜਸਵੀਰ ਕੌਰ (ਯੂ.ਕੇ), ਡਾ. ਅਨੁਰਾਗ ਸਿੰਘ, ਉਸਤਾਦ ਸੁਰਜੀਤ ਸਿੰਘ (ਯੂ.ਕੇ.), ਸ. ਕਵਰਜੀਤ ਸਿੰਘ - ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ, ਪ੍ਰਿੰ. ਰਾਜਿੰਦਰ ਕੌਰ ਢੀਂਡਸਾ - ਜਥੇਦਾਰ ਗੁਰਚਰਨ ਸਿੰਘ ਟੌਹੜਾ ਇਸਟੀਚਿਊਟ ਆਫ ਗੁਰਮਤਿ ਸਟਡੀਜ਼, ਡਾ. ਦਵਿੰਦਰ ਕੌਰ, ਡਾ. ਹਰਜਿੰਦਰ ਵਾਲੀਆ, ਡਾ. ਕੰਵਲਜੀਤ ਸਿੰਘ, ਡਾ. ਜਸਬੀਰ ਕੌਰ, ਡਾ. ਵਰਿੰਦਰ ਕੌਰ, ਸ. ਜਸਬੀਰ ਸਿੰਘ ਆਦਿ ਹਾਜ਼ਰ ਸਨ।

******

ਗੁਰਮਤਿ ਸੰਗੀਤ ਭਵਨ ਵਿਖੇ ਆਯੋਜਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਸਾਹਿਤ ਵਰਕਸ਼ਾਪ ਦੇ ਉਦਘਾਟਨ ਸਮੇਂ ਡਾ. ਦਵਿੰਦਰ ਸਿੰਘ, ਡਾਇਰੈਕਟਰ ਯੋਜਨਾ ਅਤੇ ਨਿਰੀਖਣ ਨੇ ਕਿਹਾ ਕਿ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਇਕ ਵਿਸ਼ਵ ਪੱਧਰ ਦਾ ਖਜ਼ਾਨਾ ਹੈ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਪੰਜਾਬੀ ਯੂਨੀਵਰਸਿਟੀ ਦੀ ਇਹ ਇਕ ਵਿਲੱਖਣ ਅਤੇ ਮਹਤੱਵਪੂਰਣ ਪ੍ਰਾਪਤੀ ਹੈ। ਉਦਘਾਟਨੀ ਸਮਾਰੋਹ ਵਿਚ ਡਾ. ਗੁਰਮੀਤ ਮਾਨ, ਡਾਇਰੈਕਟਰ ਕੈਮਜ਼ ਨੇ ਕਿਹਾ ਕਿ ਕਿਸੇ ਵੀ ਨਵੀਨ ਅਕਾਦਮਿਕ ਵਿਸ਼ੇ ਦੀ ਸਥਾਪਤੀ ਲਈ ਸੰਦਰਭ ਸਮਗਰੀ ਦਾ ਹੋਣਾ ਬੁਨਿਆਦੀ ਤੌਰ ਤੇ ਲਾਜ਼ਮੀ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਇਹ ਇਕ ਭਵਿਖਾਰਥੀ ਅਕਾਦਮਿਕ ਯੋਗਦਾਨ ਹੈ ਜੋ ਇਸ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਵਲੋਂ ਆਯੋਜਿਤ ਕੀਤੀ ਗਈ ਇਸ ਵਰਕਸ਼ਾਪ ਵਿਚ ਸੰਪੂਰਨ ਹੋ ਰਿਹਾ ਹੈ। ਇਥੇ ਵਰਨਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਇਤਿਹਾਸ ਸਿਰਜਦਿਆਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਕਰਕੇ ਵਿਸ਼ਵ ਪੱਧਰੀ ਮਾਨਤਾ ਪ੍ਰਾਪਤ ਕੀਤੀ ਹੈ। ਇਸ ਵਿਸ਼ੇ ਦੀ ਬੁਨਿਆਦੀ ਲੋੜ ਵਜੋਂ ਪੰਜਾਬੀ ਯੂਨੀਵਰਸਿਟੀ ਵਿਖੇ ਹੀ ਇਕ ਅਤਿ-ਆਧੁਨਿਕ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਸਥਾਪਿਤ ਕੀਤੀ ਗਈ ਹੈ ਜਿਸ ਵਿਚ ਇਸ ਵਿਸ਼ੇ ਨਾਲ ਸਾਰੀ ਖੋਜ ਸਮੱਗਰੀ ਦਾ ਇਕਤੱਰੀਕਰਨ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦੇ ਡਾਇਰੈਕਟਰ ਡਾ. ਅੰਮ੍ਰਿਤਪਾਲ ਕੌਰ ਨੇ ਕਿਹਾ ਕਿ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੇ ਪਹਿਲੇ ਫੇਜ਼ ਵਜੋਂ ਗੁਰਮਤਿ ਸੰਗੀਤ ਸਾਹਿਤ ਦੇ ਇਕੱਤਰੀਕਰਨ, ਡਿਜ਼ੀਟਾਈਜ਼ੇਸ਼ਨ ਅਤੇ ਵੈਬਸਾਈਟ www.guramtsangeetlibrary.com ਦੀ ਲਾਂਚਿੰਗ ਕੀਤੀ ਗਈ।

ਇਸ ਅਵਸਰ 'ਤੇ ਚੀਫ਼ ਲਾਇਬਰੇਰੀਅਨ ਡਾ. ਸਰੋਜ ਬਾਲਾ ਨੇ ਲਾਇਬੇਰੀ ਦੀ ਡਿਜ਼ੀਟਾਈਜ਼ੇਸ਼ਨ ਤਕਨੀਕ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਪੰਜਾਬੀ ਕਲਾ, ਸਾਹਿਤ, ਸਭਿਆਚਾਰ ਅਤੇ

ਇਤਿਹਾਸ ਦੇ ਸੰਦਰਭ ਵਿਚ ਇਕ ਪ੍ਰਫੁਲਿਤ ਲਾਇਬਰੇਰੀ ਹੈ। ਵਰਕਸ਼ਾਪ ਵਿਚ ਗੁਰਮਤਿ ਸੰਗੀਤ ਦੇ ਵਿਦਵਾਨਾਂ, ਖੋਜਾਰਥੀਆਂ ਅਤੇ ਫੈਕਲਟੀ ਮੈਂਬਰਜ਼ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

*****

ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਸਰਪਰਸਤੀ ਹੇਠ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸੰਗੀਤ ਦੀਆਂ ਵਿਭਿੰਨ ਧਾਰਾਵਾਂ ਦੇ ਸ਼ੁੱਧ ਅਤੇ ਮੌਲਿਕ ਰੂਪ ਦੇ ਪ੍ਰਚਾਰ ਹਿਤ ਆਰੰਭੇ ਗਏ 'ਸੁਨਾਦ' ਸੰਗੀਤਕ ਸ਼ਾਮ ਦੀ ਲੜੀ ਤਹਿਤ 17ਵਾਂ ਸੰਗੀਤਕ ਪ੍ਰੋਗਰਾਮ ਗੁਰਮਤਿ ਸੰਗੀਤ ਭਵਨ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਵਿਸ਼ੇਸ਼ ਮਹਿਮਾਨ ਵਜੋਂ ਥਾਪਰ ਯੂਨੀਵਰਸਿਟੀ ਆਫ ਇੰਜੀਨੀਅਰਿੰਗ ਦੇ ਡਾਇਰੈਕਟਰ ਡਾ. ਅਭਿਜੀਤ ਮੁਖਰਜੀ ਨੇ ਸ਼ਿਰਕਤ ਕੀਤੀ। 17ਵੇਂ ਸੁਨਾਦ ਵਿਚ ਵਿਸ਼ਵ ਪ੍ਰਸਿਧ ਸੰਤੂਰ ਵਾਦਕ ਪਦਮ ਸ਼੍ਰੀ ਪੰ. ਭਜਨ ਸੁਪੋਰੀ (ਕਸ਼ਮੀਰ) ਦੇ ਸ਼ਾਗਿਰਦ ਸ੍ਰੀ ਰਾਜਕੁਮਾਰ ਮਜ਼ੂਮਦਾਰ ਨੇ ਸੰਤੂਰ ਵਾਦਨ ਅਤੇ ਬਾਂਸੁਰੀ ਵਾਦਨ ਵਿਚ ਪੰਜਾਬ ਦਾ ਪ੍ਰਤਿਨਿਧਤਵ ਕਰ ਰਹੇ ਨੌਜਵਾਨ ਸ੍ਰੀ ਅਤੁਲ ਕ੍ਰਿਸ਼ਨ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਗੀਤਮਈ ਸ਼ਾਮ ਦੀ ਸ਼ੁਰੂਆਤ ਵਿਚ ਸ੍ਰੀ ਅਤੁਲ ਕ੍ਰਿਸ਼ਨ ਨੇ ਰਾਗ ਹੰਸਧਵਨੀ ਅਤੇ ਰਾਗ ਦੇਸ਼ ਵਿਚ ਮੱਧ ਲੈਅ ਅਤੇ ਦਰੁੱਤ ਗਤ ਦੀ ਪੇਸ਼ਕਾਰੀ ਕੀਤੀ।

ਸੰਤੂਰ ਵਾਦਕ ਸ੍ਰੀ ਰਾਜਕੁਮਾਰ ਮਜ਼ੂਮਦਾਰ ਨੇ ਆਪਣੇ ਵਾਦਨ ਵਿਚ ਕਰਨਾਟਕ ਪੱਧਤੀ ਦੇ ਰਾਗ ਧਰਮਾਵਤੀ ਦੀ ਪ੍ਰਸਤੁਤੀ ਦਿਤੀ ਜਿਸ ਵਿਚ ਪਹਿਲਾਂ ਅਲਾਪ, ਜੋੜ ਝਾਲਾ, ਗਤ ਅਤੇ ਬੰਦਿਸ਼ ਦੀ ਪੇਸ਼ਕਾਰੀ ਝਪਤਾਲ ਅਤੇ ਤਿੰਨ ਤਾਲ ਵਿਚ ਦਿਤੀ। ਇਨ੍ਹਾਂ ਨਾਲ ਤਬਲੇ ਤੇ ਸੰਗਤ ਯੂਨੀਵਰਸਿਟੀ ਦੇ ਹੋਣਹਾਰ ਕਲਾਕਾਰ ਸ੍ਰੀ ਮਧੁਰੇਸ਼ ਭੱਟ ਨੇ ਕੀਤੀ। ਇਸ ਮੌਕੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਨੇ ਆਏ ਹੋਏ ਕਲਾਕਾਰਾਂ ਅਤੇ ਮਹਿਮਾਨਾਂ ਨੂੰ ਫੁਲਾਂ ਦੇ ਬੁਕੇ ਤੇ ਸਨਮਾਨ ਚਿੰਨ੍ਹ ਭੇਟ ਕੀਤੇ।

ਇਸ ਮੌਕੇ ਬੋਲਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਜਲਦ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬ ਦੇ ਸ਼ਾਸਤਰੀ ਸੰਗੀਤ ਦੇ ਹੋਣਹਾਰ ਵਿਦਿਆਰਥੀ ਕਲਾਕਾਰਾਂ ਦੀ ਇਕ ਰਿਕਾਰਡਿੰਗ ਰਿਲੀਜ਼ ਕੀਤੀ ਜਾਵੇਗੀ ਤਾਂ ਜੋ ਸੰਗੀਤ ਦੇ ਬਾਕੀ ਵਿਦਿਆਰਥੀਆਂ ਵਿਚ ਵੀ ਸੰਗੀਤ ਦੀ ਚਿਣਗ ਨੂੰ ਹੋਰ ਤਿਖਾ ਕੀਤਾ ਜਾਵੇ। ਪੂਰੇ ਸੰਗੀਤਮਈ ਪ੍ਰੋਗਰਾਮ ਦਾ ਮੰਚ ਸੰਚਾਲਨ ਸੁਨਾਦ ਦੇ ਕੋ-ਆਰਡੀਨੇਟਰ ਉਸਤਾਦ ਮੁਜਤਬਾ ਹੁਸੈਨ ਵਲੋਂ ਕੀਤਾ ਗਿਆ।

ਇਸ ਅਵਸਰ 'ਤੇ ਸ. ਦਲੀਪ ਸਿੰਘ ਉਪਲ, ਡਾ. ਮਨਮੋਹਨ ਸ਼ਰਮਾ, ਡਾ. ਕੰਵਲਜੀਤ ਸਿੰਘ, ਡਾ. ਕੁਲਵਿੰਦਰ ਸਿੰਘ, ਡਾ. ਵਰਿੰਦਰ ਕੌਰ, ਡਾ. ਜਸਬੀਰ ਸਿੰਘ ਭਾਟੀਆ, ਸ੍ਰੀ ਅਲੀ ਅਕਬਰ, ਸ੍ਰੀ ਜਤਿੰਦਰ ਸਿੰਘ - ਰਿਸਰਚ ਸਕਾਲਰ ਸੰਗੀਤ ਵਿਭਾਗ ਤੋਂ ਇਲਾਵਾ ਵਡੀ ਗਿਣਤੀ ਵਿਚ ਕੈਂਪਸ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਵਡੀ ਗਿਣਤੀ ਵਿਚ ਹਾਜ਼ਰ ਸਨ।


## POSITIVE THINKING

* Something hurting is needed to make you grow, Failure is needed to make you know, Loss is needed to make you gain because some lessons are best when learnt through pain.
* Easily achieved things don't stay longer and things which stay for long are not easily achieved
* No matter how noble our intentions are. The world judges us by our presentation... No matter how perfect presentations are, God judges us by our intentions.
* Never get discouraged when things go beyond your expectations. Always remember that the greatest glory in life is not winning but rising every time when you fall.

***With best Compliments from a Well Wisher***

# ਰਾਗ ਮਾਰੂ (ਰੂਪਕ ਤਾਲ)

ਥਾਟ - ਖਮਾਜ (ਦੋਵੇਂ 'ਨ')
ਜਾਤੀ-ਔਡਵ-ਸੰਪੂਰਣ (ਆਰੋਹ ਵਿੱਚ 'ਰ' ਅਤੇ 'ਧ' ਵਰਜਿਤ)
ਸਮਾਂ-ਦਿਨ ਦਾ ਤੀਸਰਾ ਪਹਿਰ
ਵਾਦੀ-ਗ, ਸੰਵਾਦੀ-ਨ
ਆਰੋਹ-ਸਗ, ਗਮ, ਪ ਨ ਸਂ।
ਅਵਰੋਹ-ਸਂ ਨ਼ ਧ ਪ, ਮ ਗ, ਰ ਸ।
ਮੁੱਖ ਅੰਗ-ਸ ਗ, ਗਮ, ਪ ਧਨ, ਧਪ ਨ ਸਂ ਨ਼, ਧਪ, ਪਧਪਮ, ਪ ਗ, ਰਸ।

ਸਥਾਈ

| | | | | | | |
|---|---|---|---|---|---|---|
| X | | | ੨ | | ੩ | |
| ੧ | ੨ | ੩ | ੪ | ੫ | ੬ | ੭ |
| ਸ | ਗ | ਮ | ਪ | – | ਪ | – |
| ਮੇ | ਰੇ | ਮਨ | ਨਾ | S | S | ਮੁ |
| ਮ | ਗ | ਮਪ | ਗ | ਗ | ਰੇ | ਸ |
| ਅੰ | ਮ੍ਰਿ | ਤੁS | ਪੀ | S | ਉ | S |
| ਗ | ਮ | ਪ | ਨੀ | ਸਂ | ਸਂ | – |
| ਆ | S | ਨ | ਸਾ | S | ਦ | ਬਿ |
| ਨ਼ੀ | ਧ | ਪ | ਧ | ਮ | ਗਰੇ | ਸ |
| ਸਾ | S | ਰਿ | ਹੋ | S | ਛੇS | S |
| ਸ | ਸ | ਸ | ਗ | ਗ | ਮ | ਮ |
| ਅ | ਮ | ਰੁ | ਜੁ | ਗੁ | ਜੁ | ਗੁ |
| ਪ | ਗ | ਮਗ | ਰੇ | ਰੇ | ਸ | – |
| ਜੀ | S | SS | ਉ | S | S | S |

ਅੰਤਰਾ

| | | | | | | |
|---|---|---|---|---|---|---|
| X | | | ੨ | | ੩ | |
| ੧ | ੨ | ੩ | ੪ | ੫ | ੬ | ੭ |
| ਗ | ਮ | ਪ | ਨੀ | ਨੀ | ਸਂ | ਸਂ |
| ਤਜਿ | ਆ | ਪੁ | ਬਿ | ਨ | ਸੀ | S |
| ਰੇਂ | ਸਂ | ਰੇਂਸਂ | ਨ਼ੀ | ਧ | ਪ | ਪ |
| ਤਾ | S | SS | ਪ | S | S | S |
| ਸਂ | ਸਂ | ਸਂਰੇਂ | ਸਂ | ਨ਼ੀ | ਧ | ਪ |
| ਰੇ | S | ਣS | ਸਾ | S | ਧੂ | S |
| ਧ | ਪ | ਮ | ਪ | ਗ | ਰੇ | ਸ |
| ਥੀ | S | S | ਉ | S | S | S |
| ਗ | ਮ | ਪ | ਨੀ | ਨੀ | ਸਂ | ਸਂ |
| ਤਿ | ਸਹਿ | ਪ | ਰਾ | S | ਪ | ਤਿ |
| ਰੇਂ | ਸਂ | ਰੇਂਸਂ | ਨ਼ੀ | ਧ | ਪ | ਪ |
| ਨਾ | S | ਮੁS | ਤੇ | S | ਰਾ | S |
| ਸਂ | ਸਂ | ਸਂਰੇਂ | ਸਂ | ਨ਼ੀ | ਧ | ਪ |
| ਕ | ਰਿ | ਕ੍ਰਿS | ਪਾ | S | ਜਿ | ਸੁ |
| ਧ | ਪ | ਮ | ਪ | ਗ | ਰੇ | ਸ |
| ਦੀ | ਤ | ਤ | ਉ | s | s | s |

ਧੰਨਵਾਦ ਸਹਿਤ 'ਕਰਤਾ : ਨਮੋ ਗੀਤ ਗੀਤੇ' "ਸਿੱਖ ਮਿਸ਼ਨਰੀ ਕਾਲਜ (ਰਜਿ:)"

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਮਾਰੂ ਮਹਲਾ ੫ ॥

Maaroo, Fifth Mehl:

## ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ ॥

Renounce your self-conceit, and the fever shall depart; become the dust of the feet of the Holy.

## ਤਿਸਹਿ ਪਰਾਪਤਿ ਨਾਮੁ ਤੇਰਾ ਕਰਿ ਕ੍ਰਿਪਾ ਜਿਸੁ ਦੀਉ ॥੧॥

He alone receives Your Name, Lord, whom You bless with Your Mercy. ||1||

## ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥

O my mind, drink in the Ambrosial Nectar of the Naam, the Name of the Lord.

## ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ ॥੧॥ ਰਹਾਉ ॥

Abandon other bland, insipid tastes; become immortal, and live throughout the ages. ||1||Pause||

## ਨਾਮੁ ਇਕ ਰਸ ਰੰਗ ਨਾਮਾ ਨਾਮਿ ਲਾਗੀ ਲੀਉ ॥

Savor the essence of the One and only Naam; love the Naam, focus and attune yourself to the Naam.

## ਮੀਤੁ ਸਾਜਨੁ ਸਖਾ ਬੰਧਪੁ ਹਰਿ ਏਕੁ ਨਾਨਕ ਕੀਉ ॥੨॥੫॥੨੮॥ ਅੰਗ ੧੦੦੭

Nanak has made the One Lord his only friend, companion and relative. ||2||5||28||


ਸਿੱਖ ਇਤਿਹਾਸ ਅਤੇ ਧਰਮ ਸੰਬੰਧੀ ਇਕ ਜਾਣਕਾਰੀ ਭਰਪੂਰ ਪੁਸਤਕ

ਸ: ਰਾਜਿੰਦਰ ਸਿੰਘ ਜਾਲੀ ਜੀ ਦੁਆਰਾ ਰਚਿਤ ਪੁਸਤਕ

ਸਿੱਖ ਇਤਿਹਾਸ ਦੀਆਂ ਝਲਕੀਆਂ ਬੱਚਿਆਂ ਲਈ

ਵੱਡਿਆਂ ਲਈ ਵੀ ਬਹੁਤ ਉਪਯੋਗੀ ਹੈ, ਇਹ ਪੁਸਤਕ ਮੁਫਤ ਪ੍ਰਾਪਤ ਕਰਨ ਲਈ

ਸੰਪਰਕ ਕਰੋ :

**Sikh Foundation, P.O. Box 3627, Lajpat Nagar, New Delhi-110024 (India), Tel. : 9810567300, 9811567640**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸਨਮਾਨ ਪੱਤਰ

# ਬੀਬੀ ਜਸਬੀਰ ਕੌਰ ਖਾਲਸਾ ਸੀਨੀਅਰ ਫੈਲੋਸ਼ਿਪ – 2012




ਗੁਰਮਤਿ ਸੰਗਤਿ ਦੇ ਪ੍ਰਮੁੱਖ ਘਰਾਣੇ ਦੇ ਪ੍ਰਤਿਨਿਧ ਵਿਦਵਾਨ ਕੀਰਤਨਕਾਰ ਡਾ. ਜਾਗੀਰ ਸਿੰਘ ਗੁਰਮਤਿ ਸੰਗੀਤ ਅਤੇ ਸੰਗੀਤ ਦੇ ਖੇਤਰ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਕਾਰਜਸ਼ੀਲ ਹਨ। ਆਪ ਨੇ ਖੋਜ ਭਰਪੂਰ ਲਿਖਤਾਂ, ਕੀਰਤਨ ਦੀਆਂ ਵਿਸ਼ੇਸ਼ ਆਡੀਓ–ਵੀਡੀਓ ਰਿਕਾਰਡਿੰਗਜ਼ ਅਤੇ ਵਿਵਹਾਰਕ ਰੂਪ ਵਿਚ ਕੀਰਤਨ ਦੀ ਨਿਰੰਤਰ ਸੇਵਾ ਦੁਆਰਾ ਅੰਤਰਰਾਸ਼ਟਰੀ ਪੱਧਰ ਉਤੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ।

ਗੁਰਮਤਿ ਸੰਗੀਤ ਲਈ ਸੰਗੀਤ ਨਾਟਕ ਅਕਾਦਮੀ ਦਿੱਲੀ ਵਲੋਂ **ਗੁਰਮਤਿ ਸੰਗੀਤ ਐਵਾਰਡ–2002**, ਭਾਸ਼ਾ ਵਿਭਾਗ ਪੰਜਾਬ ਦੁਆਰਾ **ਸ਼੍ਰੋਮਣੀ ਰਾਗੀ ਐਵਾਰਡ – 2000** ਤੋਂ ਇਲਾਵਾ ਦੇਸ਼ ਵਿਦੇਸ਼ ਦੀਆਂ ਅਨੇਕਾਂ ਸੰਸਥਾਵਾਂ ਨੇ ਆਪ ਦਾ ਮਾਣ ਸਨਮਾਨ ਕੀਤਾ ਹੈ। ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ **ਪੰਜਾਬੀ**, **ਧਰਮ ਅਧਿਐਨ** ਅਤੇ **ਸੰਗੀਤ** ਵਿਸ਼ਿਆਂ ਵਿਚ ਪੋਸਟ ਗਰੈਜੂਏਟ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ **ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸਬੰਧ** ਵਿਸ਼ੇ ਉਤੇ ਪੀ–ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਅਕਾਦਮਿਕ ਖੇਤਰ ਵਿਚ ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਲੈਕਚਰਾਰ, ਪੰਜਾਬ ਸਕੂਲ ਸਿਖਿਆ ਬੋਰਡ ਵਿਚ ਡਿਪਟੀ ਡਾਇਰੈਕਟਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਅਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਵਜੋਂ ਕਾਰਜਸ਼ੀਲ ਰਹੇ। ਪੰਜਾਬ ਸਕੂਲ ਸਿਖਿਆ ਬੋਰਡ ਵਿਖੇ ਸੇਵਾ ਦੌਰਾਨ ਆਪ ਨੇ ਗੁਰਮਤਿ ਸੰਗੀਤ ਦਾ ਵਿਸ਼ਾ ਸੀਨੀਅਰ ਸੈਕੰਡਰੀ ਪੱਧਰ 'ਤੇ ਲਾਗੂ ਕਰਵਾਇਆ। **ਗੁਰਮਤਿ ਮੀਮਾਂਸਾ**, **ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ**, **ਕਾਵਿ ਅਤੇ ਸੰਗੀਤ–ਗੁਰਬਾਣੀ ਪਰਿਪੇਖ**, **ਫਰੀਦ ਬਾਣੀ – ਸੰਗੀਤਕ ਪਰਿਪੇਖ** ਅਤੇ **ਗੁਰੂ ਨਾਨਕ ਦੇਵ ਜੀ ਤੇ ਸੰਗੀਤ** ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ। ਆਪ ਇਸ ਸਮੇਂ ਅੰਮ੍ਰਿਤ ਕੀਰਤਨ ਟਰੱਸਟ ਦੇ ਚੇਅਰਮੈਨ ਵਜੋਂ ਸੇਵਾ ਕਰ ਰਹੇ ਹਨ। ਅੰਮ੍ਰਿਤ ਕੀਰਤਨ ਟਰਸੱਟ ਵਲੋਂ ਹੀ 1989 ਤੋਂ ਆਪ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਮਾਸਕ ਪੱਤਰ **ਅੰਮ੍ਰਿਤ ਕੀਰਤਨ** ਦਾ ਬਤੌਰ ਸੰਪਾਦਕ ਨਿਰੰਤਰ ਪ੍ਰਕਾਸ਼ਨ ਇਸ ਖੇਤਰ ਵਿਚ ਆਪ ਦੀ ਪ੍ਰਤਿਬੱਧਤਾ ਦਾ ਪ੍ਰਮਾਣ ਹੈ।

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ **ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ –2012** ਦੇ ਇਤਿਹਾਸਕ ਅਵਸਰ 'ਤੇ ਡਾ. ਜਾਗੀਰ ਸਿੰਘ ਨੂੰ **ਬੀਬੀ ਜਸਬੀਰ ਕੌਰ ਖਾਲਸਾ ਸੀਨੀਅਰ ਫੈਲੋਸ਼ਿਪ** ਪ੍ਰਦਾਨ ਕਰਦਿਆਂ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ।

**(ਡਾ. ਜਸਪਾਲ ਸਿੰਘ)**

ਵਾਈਸ–ਚਾਂਸਲਰ

6 ਮਾਰਚ, 2012

ਪੰਜਾਬੀ ਯੂਨੀਵਰਸਿਟੀ, ਪਟਿਆਲਾ

Postal Regd. No. G/CDH/0045/2012-14 RNI Regd. No. 46788/89 ISSN 0972-2335

